59

# ਮੈਨੂੰ ਕਹਾਣੀ ਸੁਣਾਓ

## ਬਾਈਬਲ ਪਾਠ #24

VI. ਤੀਜੇ ਪਸਾਹ ਤੋਂ ਯਿਸੂ ਦਾ ਬੈਤਅਨੀਆ ਵਿਚ ਆਉਣ ਤਕ (ਚੱਲਦਾ)।

ਟ. ਪਿਰੀਆ ਦੀ ਸੇਵਕਾਈ (ਚੱਲਦਾ)।

3. ਯਿਸੂ ਨੂੰ ਇਕ ਫ਼ਰੀਸੀ ਦੀ ਘਰ ਸੱਦਿਆ ਜਾਣਾ ਅਤੇ ਪਰਬਾਂ ਉੱਤੇ ਤਿੰਨ ਢੁਕਵੇਂ ਸਬਕ (ਲੂਕਾ 14:1–24)।
   - ੳ. ਹਲੀਮੀ ਉੱਤੇ ਸਬਕ (ਲੂਕਾ 14:7–11)।
   - ਅ. ਬੇਗਰਜ਼ੀ ਉੱਤੇ ਸਬਕ (ਲੂਕਾ 14:12–14)।
   - ੲ. ਵੱਡੀ ਦਾਅਵਤ ਦਾ ਦ੍ਰਿਸ਼ਟਾਂਤ (ਲੂਕਾ 14:16–24)।
4. ਯਿਸੂ ਦੇ ਮਗਰ ਲੋਕਾਂ ਦੀ ਭੀੜ ਅਤੇ ਇਕ ਅਹਿਮ ਸਬਕ (ਲੂਕਾ 14:25–35)।
5. ਮਹਿਸੂਲ ਲੈਣ ਵਾਲਿਆਂ ਅਤੇ ਪਾਪੀਆਂ ਦਾ ਯਿਸੂ ਦੇ ਮਗਰ ਆਉਣਾ ਅਤੇ ਤਿੰਨ ਦਿਲ ਟੁੰਬਵੀਆਂ ਕਹਾਣੀਆਂ, ਜਿਨ੍ਹਾਂ ਤੋਂ ਇਕ ਸਬਕ ਮਿਲਦਾ ਹੈ (ਲੂਕਾ 15:1–32):
   - ੳ. ਗੁਆਚੀ ਹੋਈ ਭੇਡ ਦਾ ਦ੍ਰਿਸ਼ਟਾਂਤ (ਲੂਕਾ 15:3–7)।
   - ਅ. ਗੁਆਚੇ ਸਿੱਕੇ ਦਾ ਦ੍ਰਿਸ਼ਟਾਂਤ (ਲੂਕਾ 15:8–10)।
   - ੲ. ਗੁਆਚੇ ਮੁੰਡੇ ਦਾ ਦ੍ਰਿਸ਼ਟਾਂਤ (ਲੂਕਾ 15:11–32)।
6. ਯਿਸੂ ਆਪਣੇ ਚੇਲਿਆਂ ਨਾਲ– ਅਤੇ ਬੇਈਮਾਨ ਮੁੱਖਤਿਆਰ ਦੇ ਦ੍ਰਿਸ਼ਟਾਂਤ ਵਿਚ ਇਕ ਸਬਕ (ਲੂਕਾ 16:1–13)।
7. ਯਿਸੂ ਦੀ ਫ਼ਰੀਸੀਆਂ ਵੱਲੋਂ ਨਿਗਰਾਨੀ ਅਤੇ ਅਮੀਰ ਆਦਮੀ ਅਤੇ ਲਾਜ਼ਰ ਦੇ ''ਦ੍ਰਿਸ਼ਟਾਂਤ'' ਵਿਚ ਇਕ ਗੰਭੀਰ ਸਬਕ (ਲੂਕਾ 16:14–31)।

## ਜਾਣ ਪਛਾਣ

ਕਿਹੜੇ ਅਜਿਹੇ ਮਾਤਾ ਪਿਤਾ ਹੋਣਗੇ, ਜਿਨ੍ਹਾਂ ਨੇ ''ਕਹਾਣੀ ਸੁਣਾਓ'' ਸ਼ਬਦ ਨਾ ਸੁਣਿਆ ਹੋਵੇ? ਲਗਦਾ ਹੈ ਕਿ ਜਿਵੇਂ ਕੁਝ ਹੀ ਦਿਨ ਪਹਿਲਾਂ ਮੇਰੀਆਂ ਬੇਟੀਆਂ ਮੈਨੂੰ ਆਖ ਰਹੀਆਂ ਸਨ, ''ਡੈਡੀ ਸਾਨੂੰ ਕਹਾਣੀ ਸੁਣਾਓ ਨਾ।'' ਪਿਛਲੀ ਵਾਰ ਜਦ ਮੈਂ ਆਪਣੀ ਪੋਤੀ ਰੇਚਲ ਦੇ ਨਾਲ ਸੀ ਤਾਂ ਉਹ ਮੇਰੀ ਗੋਦ ਵਿਚ ਚੜ੍ਹਦੇ ਮੈਨੂੰ ਆਖ ਰਹੀਆਂ ਸਨ, ''ਨਾਨਾ ਜੀ, ਕਹਾਣੀ ਸੁਣਾਓ ਨਾ।''

ਸਾਡੇ ਵਿੱਚੋਂ ਵਧੇਰੇ ਲੋਕਾਂ ਨੂੰ ਕਹਾਣੀਆਂ ਪਸੰਦ ਹੁੰਦੀਆਂ ਹਨ ਅਤੇ ਯਿਸੂ ਨੂੰ ਉਨ੍ਹਾਂ ਨੂੰ ਸੁਣਾਉਣਾ ਪਸੰਦ ਸੀ। ਉਸ ਦੀ ਸਭ ਤੋਂ ਵੱਧ ਯਾਦ ਰੱਖੀ ਜਾਣ ਵਾਲੀ ਅਤੇ ਸਭ ਤੋਂ ਪਿਆਰੀ ਸਿੱਖਿਆ ਕਹਾਣੀਆਂ ਦੇ ਤੌਰ ਤੇ ਸੀ। ਅਸੀਂ ਉਸ ਦੀਆਂ ਇਨ੍ਹਾਂ ਕਹਾਣੀਆਂ ਨੂੰ ''ਦ੍ਰਿਸ਼ਟਾਂਤ'' ਆਖਦੇ ਹਾਂ।[1] ''ਯਿਸੂ ਦੇ ਸਭ ਤੋਂ ਮਸ਼ਹੂਰ ਦ੍ਰਿਸ਼ਟਾਂਤਾਂ ਵਿੱਚੋਂ ਕੁਝ''[2] ਪਿਰੀਆ ਦੀ ਉਸਦੀ ਸੇਵਕਾਈ ਦੇ ਸਮੇ ਆਖੇ ਗਏ ਸਨ।[3] ਇਸ ਪਾਠ ਵਿਚ ਦਿੱਤੇ ਗਏ ਦ੍ਰਿਸ਼ਟਾਂਤ ਢੁਕਵੀਂ ਪ੍ਰਾਸੰਗਿਕਤਾ ਦੇ ਨਾਲ ਖਿਲਰੇ ਹੋਏ ਸਨ। ਵਧੇਰੇ ਦ੍ਰਿਸ਼ਟਾਂਤ ਅਤੇ ਇਨ੍ਹਾਂ ਨਾਲ ਸਬੰਧਿਤ ਸਿੱਖਿਆ, ਸਿੱਧੇ ਜਾਂ ਅਸਿੱਧੇ ਤੌਰ ਤੇ ਫਰੀਸੀਆਂ ਲਈ ਹੀ ਸੀ

(ਵੇਖੋ ਲੂਕਾ 14:1; 15:2; 16:14)।

ਯਿਸੂ ਕਿਸੇ ਵੀ ਵਿਸ਼ੇ ਨੂੰ ਲੈ ਕੇ ਉਸ ਦੀ ਕਹਾਣੀ ਬਣਾ ਲੈਂਦਾ ਸੀ, ਜਿਸ ਨਾਲ ਉਸਦੇ ਸੰਦੇਸ਼ ਦਾ ਮਹੱਤਵ ਸਮਝਾਇਆ ਜਾ ਸਕਦਾ ਹੋਵੇ। ਇਸ ਪਾਠ ਵਿਚ, ਅਸੀਂ ਉਸ ਵੱਡੇ ਭੋਜ, ਭੇਡਾਂ ਅਤੇ ਸਿੱਕਿਆਂ ਨਾਲ ਪਰਿਵਾਰਿਕ ਜ਼ਿੰਦਗੀ, ਕਾਰੋਬਾਰੀ ਲੈਣ ਦੇਣ ਅਤੇ ਮੌਤ ਦੇ ਬਾਅਦ ਜ਼ਿੰਦਗੀ ਤਕ ਦੀਆਂ ਕਹਾਣੀਆਂ ਦੱਸਦੇ ਵੇਖਾਂਗੇ।

## ਮੈਨੂੰ ਦਾਅਵਤਾਂ ਵਿਚ ਕੰਮ ਦਾ ਤਰੀਕਾ ਦੱਸਣ ਵਾਲੀ ਕਹਾਣੀ ਸੁਣਾਓ (ਲੂਕਾ 14:1-24)

ਯਿਸੂ ਨੇ ਗਲੀਲ ਵਿਚ ਫ਼ਰੀਸੀ ਦੇ ਨਾਲ (ਲੂਕਾ 7:36–50) ਅਤੇ ਯਹੂਦੀਆ ਵਿਚ ਫ਼ਰੀਸੀ ਦੇ ਨਾਲ ਖਾਂਦਾ ਸੀ (ਲੂਕਾ 11:37–54)। ਹੁਣ ਉਸਨੂੰ ਪਿਰੀਆ ਵਿਚ ਇਕ ਫਰੀਸੀ ਦੇ ਨਾਲ ਖਾਣ ਦਾ ਸੱਦਾ ਮਿਲਿਆ ਸੀ[4] (ਵੇਖੋ ਲੂਕਾ 14:1, 12)। ਇਹ ਤੀਜਾ ਅਤੇ ਆਖਰੀ ਲਿਖਿਆ ਹੋਇਆ ਸਮਾਂ ਸੀ, ਜਿਸ ਵਿਚ ਇਸ ਤਰ੍ਹਾਂ ਦਾ ਸੱਦਾ ਦਿੱਤਾ ਗਿਆ ਅਤੇ ਉਸ ਨੂੰ ਕਬੂਲ ਕੀਤਾ ਗਿਆ।[5]

ਫਰੀਸੀਆਂ ਦੇ ਘਰਾਂ ਵਿਚ ਮਸੀਹ ਦੇ ਪਿਛਲੇ ਤਜ਼ਰਬਿਆਂ ਦਾ ਅਧਿਐਨ ਕਰਦਿਆਂ ਅਸੀਂ ਉਸ ਦੇ ਮੇਜ਼ਬਾਨਾਂ ਦੇ ਇਰਾਦਿਆਂ ਦਾ ਅੰਦਾਜ਼ਾ ਲਾਇਆ ਸੀ। ਇਸ ਵਾਰ ਸਾਨੂੰ ਅੰਦਾਜ਼ਾ ਲਾਉਣ ਦੀ ਲੋੜ ਨਹੀਂ ਹੈ। ਲੂਕਾ ਨੇ ਲਿਖਿਆ ਹੈ ਕਿ ''ਜਦ ਉਹ ਪਸਾਹ ਦੇ ਦਿਨ ਫਰੀਸੀ ਸਰਦਾਰਾਂ ਵਿੱਚੋਂ ਕਿਸੇ ਦੇ ਘਰ ਰੋਟੀ ਖਾਣ ਗਿਆ ਤਦ ਉਹ ਉਸ ਦੀ ਤਾੜ ਵਿਚ ਲੱਗੇ ਹੋਏ ਸਨ'' (ਲੂਕਾ 14:1; ਵੇਖੋ ਲੂਕਾ 11:53, 54)। ਸੰਦਰਭ ਤੋਂ ਸੰਕੇਤ ਮਿਲਦਾ ਹੈ ਕਿ ਉਹ ''ਉਸ ਤੇ ਨਜ਼ਰ ਰੱਖੇ ਹੋਏ ਸਨ'' ਕਿ ਉਹ ਪਸਾਹ ਦੀ ਉਨ੍ਹਾਂ ਦੀਆਂ ਰੀਤਾਂ ਨੂੰ ਤੋੜਦਾ ਹੈ ਜਾਂ ਨਹੀਂ।

ਖਾਣੇ ਤੇ ''ਇਕ ਜਲੋਧਰੀ ਮਨੁੱਖ ਉਸ ਦੇ ਸਾਹਮਣੇ ਸੀ'' (ਲੂਕਾ 14:2)। ''ਜਲੋਧਰੀ'' ਇਕ ਰੋਗ ਹੈ, ਜਿਸ ਨਾਲ ਸਰੀਰ ਵਿੱਚੋਂ ਪਾਣੀ ਨਿੱਕਲਦਾ ਰਹਿੰਦਾ ਹੈ।[6] ਇਸ ਦਿਨ ਦੇ ਠੀਕ ਤਰੀਕੇ ਨਾਲ ਕੰਮ ਨਾ ਕਰਨ ਦਾ ਇਕ ਲੱਛਣ ਹੈ।[7] ਬਿਨਾਂ ਸ਼ੱਕ ਦੇ ਫ਼ਰੀਸੀ ਲੋਕ ਇਸ ਰੋਗੀ ਨੂੰ ਯਿਸੂ ਕੋਲ ਇਹ ਵੇਖਣ ਲਈ ਲਿਆਏ ਸਨ ਕਿ ਉਹ ਪਸਾਹ ਦੇ ਦਿਨ ਉਸ ਨੂੰ ਚੰਗਾ ਕਰਦਾ ਹੈ ਜਾਂ ਨਹੀਂ।

ਮਸੀਹ ਨੇ ਉਸ ਆਦਮੀ ਨੂੰ ਚੰਗਾ ਹੀ ਨਹੀਂ ਕੀਤਾ ਬਲਕਿ ਆਪਣੇ ਦੁਸ਼ਮਣਾਂ ਨੂੰ ਚੁਣੌਤੀ ਦੇ ਕੇ ਉਨ੍ਹਾਂ ਨੂੰ ਹੈਰਾਨ ਵੀ ਕਰ ਦਿੱਤਾ ਸੀ: ''ਭਲਾ, ਸਬਤ ਦੇ ਦਿਨ ਚੰਗਾ ਕਰਨਾ ਯੋਗ ਹੈ ਕਿ ਨਹੀਂ?'' (ਆਇਤ 3; ਵੇਖੋ ਮਰਕੁਸ 3:4)। ਅਜਿਹਾ ਤਰਕ ਉਸ ਨੇ ਪਹਿਲਾਂ ਵੀ ਵਰਤਿਆ ਸੀ (ਵੇਖੋ ਮੱਤੀ 12:11)। ਉਸ ਦਾ ਤਰਕ ਸਬਤ ਦੇ ਦਿਨ ਬੱਚਿਆਂ[8] ਨੂੰ ਜਾਂ ਜਾਨਵਰ ਨੂੰ ਖੂਹ ਵਿੱਚੋਂ ਕੱਢਣ[9] ਵਿੱਚੋਂ ਇਕ ਗੱਲ ਨੂੰ ਸਹੀ ਠਹਿਰਾਉਣ ਦੇ ਅਧਾਰ ਤੇ ਸੀ (ਆਇਤ 5)। ਉਸ ਦੇ ਤਰਕ ਨੂੰ ਅਸੀਂ ਇਸ ਤਰ੍ਹਾਂ ਆਖ ਸਕਦੇ ਹਾਂ: ''ਜੇ ਸਬਤ ਵਾਲੇ ਦਿਨ ਪਾਣੀ *[ਖੂਹ]* ਵਿੱਚੋਂ ਤੁਹਾਡੇ ਬੱਚਿਆਂ ਨੂੰ ਕੱਢਣਾ ਸਹੀ ਹੈ, ਤਾਂ ਸਬਤ ਵਾਲੇ ਦਿਨ ਖ਼ੁਦਾ ਦੇ ਲੋਕਾਂ ਵਿੱਚੋਂ ਇਕ ਨੂੰ ਪਾਣੀ *[ਜਲੋਧਰੀ]* ਵਿੱਚੋਂ ਕੱਢਣਾ ਗ਼ਲਤ ਕਿਉਂ ਹੈ?'' ਆਇਤ 4 ਆਖਦੀ ਹੈ, ''ਪਰ ਉਹ ਚੁੱਪ ਵੱਟ ਗਏ। ਤਾਂ ਉਸ ਨੇ ਉਸ ਨੂੰ ਲੈ ਕੇ ਚੰਗਾ ਕੀਤਾ ਅਤੇ ਤੋਰ ਦਿੱਤਾ।''

### ਸਚਮੁਚ ਹਲੀਮ ਬਣੋ (14:7-11)

ਯਿਸੂ ਨੇ ਮੌਕੇ ਦੀ ਵਰਤੋਂ ਕਈ ਸਮਾਜਿਕ ਸਿੱਖਿਆਵਾਂ ਦੇਣ ਲਈ ਕੀਤੀ। ਸਭ ਸਿੱਖਿਆਵਾਂ ਦਾਅਵਤਾਂ ਦੇ ਵਿਸ਼ੇ ਤੇ ਅਧਾਰਿਤ ਸੀ। ਉਸ ਨੇ ਧਿਆਨ ਦਿੱਤਾ ਸੀ ਕਿ ਵਡਿਆਈ ਚਾਹੁਣ ਵਾਲੇ ਲੋਕ ਮੇਜ਼ਬਾਨ ਦੇ ਕੋਲ ਸਨਮਾਨ ਵਾਲੀ ਥਾਂ ਭਾਲਦੇ ਹਨ (ਆਇਤ 7; ਵੇਖੋ ਮੱਤੀ 20:21; 23:6)।[10] ਉਸ ਨੇ ਸੁਝਾਅ ਦਿੱਤਾ ਕਿ ਪਿੱਛੇ ਵਾਲੀ ਥਾਂ ਚੁਣਨਾ ਵਧੇਰੇ ਸਿਆਣਪ ਹੈ (ਆਇਤਾਂ 8–10)। ਇਹ

ਦ੍ਰਿਸ਼ਟਾਂਤ ਆਖਿਆ ਗਿਆ (ਆਇਤ 7) ਕਿਉਂਕਿ ਪ੍ਰਭੂ ਚਾਹੁੰਦਾ ਸੀ ਕਿ ਇਸ ਦੀ ਪਾਸੰਗਿਕਤਾ ਜ਼ਿੰਦਗੀ ਦੇ ਸਭ ਖੇਤਰਾਂ ਵਿਚ ਬਣੇ: ''ਕਿਉਂਕਿ ਹਰੇਕ ਜੋ ਆਪਣੇ ਆਪ ਨੂੰ ਉੱਚਾ ਕਰਦਾ ਹੈ ਸੋ ਨੀਵਾਂ ਕੀਤਾ ਜਾਵੇਗਾ ਅਤੇ ਜੋ ਆਪਣੇ ਆਪ ਨੂੰ ਨੀਵਾਂ ਕਰਦਾ ਹੈ ਸੋ ਉੱਚਾ ਕੀਤਾ ਜਾਵੇਗਾ'' (ਆਇਤ 11; ਵੇਖੋ ਲੂਕਾ 18:14; ਮੱਤੀ 23:12)।

**ਸਚਮੁਚ ਵਿਚ ਪ੍ਰਾਹੁਣਚਾਰੀ ਕਰਨ ਵਾਲੇ ਬਣੋ** (14:12-14)

ਮਸੀਹ ਨੇ ਆਪਣੇ ਮੇਜ਼ਬਾਨ ਦੀ ਵੱਲ ਮੁੜ ਕੇ ਉਸ ਨੂੰ ਦੱਸਿਆ ਕਿ ਉਨ੍ਹਾਂ ਪ੍ਰਾਹੁਣਿਆਂ ਨੂੰ ਬੁਲਾਉਣ ਦਾ ਕੋਈ ਲਾਭ ਨਹੀਂ, ਬਦਲੇ ਵਿਚ ਜਿੰਨ੍ਹਾਂ ਨੂੰ ਉਵੇਂ ਹੀ ਮੋੜ ਸਕਦੇ ਹੋ (ਆਇਤ 12)। ਉਸ ਨੇ ਉਸ ਆਦਮੀ ਨੂੰ ਆਖਿਆ, ''ਪਰ ਜਾਂ ਤੂੰ ਦਾਉਤ ਕਰੇਂ ਤਾਂ ਕੰਗਾਲਾਂ, ਟੁੰਡਿਆਂ, ਲੰਗੜਿਆਂ, ਅੰਨ੍ਹਿਆਂ ਨੂੰ ਸੱਦ। ਅਤੇ ਤੂੰ ਧੰਨ ਹੋਵੇਂਗਾ ਕਿਉਂ ਜੋ ਤੇਰਾ ਬਦਲਾ ਦੇਣ ਨੂੰ ਉਨ੍ਹਾਂ ਕੋਲ ਕੁਝ ਨਹੀਂ ਹੈ'' (ਆਇਤਾਂ 13, 14)।[11] ਇਨ੍ਹਾਂ ਸ਼ਬਦਾਂ ਦੇ ਨਾਲ ਪ੍ਰਭੂ ਨੇ ਆਪਣੇ ਮੇਜ਼ਬਾਨ ਤੇ ਹੀ ਨਹੀਂ; ਸਾਡੇ ਤੇ ਵੀ ਜੋ ਸਿਰਫ਼ ਆਪਣੇ ਦੋਸਤਾਂ ਨੂੰ ਅਤੇ ਆਪਣੇ ''ਬਰਾਬਰ ਵਾਲਿਆਂ'' ਦੀ ''ਇੱਜ਼ਤ'' ਕਰਦੇ ਹਨ, ਦੋਸ਼ ਲਾਇਆ (ਵੇਖੋ ਮੱਤੀ 5:46, 47; ਲੂਕਾ 6:32, 33)।

**ਸਚਮੁਚ ਵਿਚ ਆਗਿਆਕਾਰੀ ਬਣੋ** (14:15-24)

ਯਿਸੂ ਨੇ ਆਖਿਆ ਕਿ ਸੱਚੀ ਮਹਿਮਾਨ ਨਵਾਜ਼ੀ ਜਾਂ ਘਰ ਆਇਆਂ ਦੇ ਸਤਕਾਰ ਦਾ ਇਨਾਮ ''ਧਰਮੀਆਂ ਦੀ ਕਿਆਮਤ ਵਿਚ''[12] ਮਿਲੇਗਾ (ਆਇਤ 14)। ਇਕ ਮਹਿਮਾਨ ਨੇ ਇਹ ਮੰਨ ਕੇ ਕਿ ਉਹ ਮਸੀਹ ਦੇ ਆਉਣ ਵਾਲੇ ਰਾਜ ਦੀ ਗੱਲ ਕਰ ਰਿਹਾ ਹੈ,[13] ਆਖਿਆ, ''ਧੰਨ ਉਹ ਜਿਹੜਾ ਪਰਮੇਸ਼ੁਰ ਦੇ ਰਾਜ ਵਿਚ ਰੋਟੀ ਖਾਊਗਾ'' (ਆਇਤ 15)। ਮਸੀਹ ਨੇ ਵੱਡੀ ਦਾਅਵਤ ਦਾ ਇਕ ਦ੍ਰਿਸ਼ਟਾਂਤ ਦੇ ਕੇ ਜਵਾਬ ਦਿੱਤਾ।[14] ਉਸ ਦਾਅਵਤ ਵਿਚ ਬੁਲਾਏ ਗਏ ਲੋਕਾਂ ਨੇ ਨਾ ਆ ਪਾਉਣ ਦੇ ਕਈ ਬਹਾਨੇ ਬਣਾਏ (ਆਇਤਾਂ 16–21)। ਕ੍ਰੋਧਿਤ ਮੇਜ਼ਬਾਨ ਨੇ, ਆਪਣੇ ਨਾਲ ਖ਼ਾਸ[15] ਲੋਕਾਂ ਨੂੰ ਬੁਲਾ ਲਿਆ (ਆਇਤਾਂ 21–23; ਆਇਤ 13 ਨਾਲ ਤੁਲਨਾ ਕਰੋ)।

ਇਸ ਦ੍ਰਿਸ਼ਟਾਂਤ ਤੋਂ ਕਈ ਸਬਕ ਲਏ ਜਾ ਸਕਦੇ ਹਨ, ਪਰ ਇਸ ਨੂੰ ਦੱਸਣ ਦਾ ਪ੍ਰਭੂ ਦਾ ਮੁੱਖ ਮਕਸਦ ਆਇਤ 24 ਵਿਚ ਮਿਲਦਾ ਹੈ। ਮਾਲਕ ਨੇ ਨੌਕਰ ਨੂੰ ਆਖਿਆ, ''ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਉਨ੍ਹਾਂ ਮਨੁੱਖਾਂ ਵਿੱਚੋਂ ਜਿਹੜੇ ਬੁਲਾਏ ਗਏ ਹਨ ਇਕ ਵੀ ਮੇਰਾ ਖਾਣਾ ਨਾ ਚੱਖੇਗਾ'' ਸੰਦਰਭ ਵਿਚ, ਇਸ ਦਾ ਮਤਲਬ ਹੈ ਕਿ ''ਕਈ ਲੋਕ ਜੋ *ਸੋਚਦੇ* ਹਨ ਕਿ ਉਹ 'ਖ਼ੁਦਾ ਦੇ ਰਾਜ ਵਿਚ ਰੋਟੀ ਖਾਣਗੇ' ਅਸਲ ਵਿਚ ਉਹ ਨਹੀਂ ਖਾ ਸਕਣਗੇ!'' ਉਨ੍ਹਾਂ ਨੇ ਖ਼ੁਦਾ ਦੇ ਸੱਦੇ ਨੂੰ ਠੁਕਰਾਇਆ ਸੀ। ਉਨ੍ਹਾਂ ਨੇ ਉਸ ਦੇ ਪੁੱਤਰ ਦੇ ਰਾਜ ਦਾ ਭਾਗ ਬਣਨ ਦੇ ਉਸ ਦੇ ਸੱਦੇ ਨੂੰ ਸੁਣਨ ਤੋਂ ਆਪਣੇ ਕੰਨ ਬੰਦ ਕਰ ਲਏ ਸਨ। ਉਨ੍ਹਾਂ ਨੇ ਯਿਸੂ ਨੂੰ ਖ਼ੁਦਾ ਦਾ ਬੇਟਾ ਮੰਨਣ ਤੋਂ ਇਨਕਾਰ ਕੀਤਾ ਸੀ।

ਦ੍ਰਿਸ਼ਟਾਂਤ ਵਿਚ ਸਾਡੇ ਸਾਰਿਆਂ ਲਈ ਇਕ ਸਬਕ ਹੈ ਕਿ ਜਦ ਪ੍ਰਭੂ ਤੁਹਾਨੂੰ ਸੱਦਾ ਦੇਵੇ (ਮੱਤੀ 11:28), ਤਾਂ ਬਹਾਨੇ ਨਾ ਬਣਾਓ, ਬਲਕਿ ਉਸਦੇ ਪਿਆਰ ਨੂੰ ਝੱਟ ਕਬੂਲ ਕਰ ਲਓ! ਫਿਰ ਇਸ ਨਾਲ ਤੁਹਾਨੂੰ, ਉਸ ਦੇ ਰੂਹਾਨੀ ਖਾਣੇ ਵਿਚ ਆਨੰਦ ਲੈਣ ਦੀ ਆਸ ਮਿਲ ਸਕਦੀ ਹੈ (ਵੇਖੋ ਪ੍ਰਕਾਸ਼ ਦੀ ਪੋਥੀ 3:20)।

## ਮੈਨੂੰ ਘਰ ਬਣਾਉਣ ਅਤੇ ਯੁੱਧ ਲੜਨ ਦੇ ਤਰੀਕੇ ਦੱਸਣ ਵਾਲੀਆਂ ਕਹਾਣੀਆਂ ਸੁਣਾਓ (ਲੂਕਾ 14:25-35)

ਮਸੀਹ ਦੀ ਸ਼ੁਰੂਆਤੀ ਸੇਵਕਾਈ ਵਿਚ ਹਜ਼ਾਰਾਂ ਲੋਕਾਂ ਦੀ ਭੀੜ ਯਿਸੂ ਦੇ ਪਿੱਛੇ ਹੁੰਦੀ ਸੀ (ਮੱਤੀ

4:25)। ਪਿਰੀਆ ਵਿਚ ''ਵੱਡੀ ਭੀੜ ਯਿਸੂ ਦੇ ਨਾਲ ਚੱਲੀ ਜਾਦੀ ਸੀ'' (ਲੂਕਾ 14:25)। ਮਸੀਹਾ ਲਈ ਉਤਸੁਕਤਾ ਵੱਧਦੀ ਜਾ ਰਹੀ ਸੀ।[16] ਪ੍ਰਭੂ ਨੇ ਇਸ ਜੋਸ਼ੀਲੀ, ਪਰ ਚੰਚਲ ਬੁੱਧ ਵਾਲੀ ਭੀੜ ਨੂੰ ਆਪਣੇ ਚੇਲੇ ਹੋਣ ਦੀ ਕੀਮਤ ਦੱਸਣ ਦੇ ਜ਼ੋਰ ਦੇਣ ਦੀ ਲੋੜ ਸਮਝੀ (ਆਇਤਾਂ 26, 27)।[17]

ਉਸ ਨੇ ''ਖਰਚ ਦਾ ਹਿਸਾਬ ਲਾਉਣ'' ਭਾਵ ਮਕਾਨ ਬਣਾਉਣਾ ਸ਼ੁਰੂ ਕਰਨ ਤੋਂ ਪਹਿਲਾਂ ਖਰਚ ਦਾ ਹਿਸਾਬ ਲਾਉਣ (ਆਇਤਾਂ 28–30) ਅਤੇ ਯੁੱਧ ਵਿਚ ਜਾਣ ਤੋਂ ਪਹਿਲਾਂ ਖਰਚ ਦਾ ਹਿਸਾਬ ਲਾਉਣ ਦੀ ਲੋੜ[18] (ਆਇਤਾਂ 31, 32) ਤੇ ਦੋ ਦ੍ਰਿਸ਼ਟਾਂਤ ਦਿੱਤੇ। ਫਿਰ ਉਸ ਨੇ ਚੇਲੇ ਹੋਣ ਦੀ ਕੀਮਤ ਤੇ ਫਿਰ ਤੋਂ ਜ਼ੋਰ ਦਿੱਤਾ (ਆਇਤ 33),[19] ਅਤੇ ਇਕ ''ਲੂਣੀ'' ਉਦਾਹਰਣ ਤੇ ਜ਼ੋਰ ਦਿੱਤਾ, ਜੋ ਉਸ ਨੇ ਪਹਿਲ ਦਿੱਤੀ ਸੀ। ਉਨ੍ਹਾਂ ਲਈ ਉਸ ਦੇ ਪਿੱਛੇ ਚੱਲਣਾ ਚੰਗਾ ਸੀ, ਪਰ ਜੇ ਉਹ ਜ਼ਰੂਰੀ ਕੁਰਬਾਨੀ ਕਰਨ ਨੂੰ ਤਿਆਰ ਨਹੀਂ ਸਨ, ਤਾਂ ਉਹ ਲੂਣ ਵਾਂਗ ਹੁੰਦੇ ਸਨ, ਜਿਸ ਦਾ ਸੁਆਦ ਖ਼ਤਮ ਹੋ ਜਾਂਦਾ ਹੈ ਅਤੇ ਉਹ ਨਿਕੰਮਾ ਬਣ ਜਾਂਦਾ ਹੈ (ਆਇਤਾਂ 34, 35; ਵੇਖੋ ਮੱਤੀ 5:13; ਮਰਕੁਸ 9:50)।

## ਮੈਨੂੰ ਗੁਆਚੀ ਹੋਈ ਭੇਡ, ਸਿੱਕਿਆਂ ਅਤੇ ਮੁੰਡਿਆਂ ਨੂੰ ਲੱਭਣ ਦਾ ਤਰੀਕਾ ਦੱਸਣ ਵਾਲੀਆਂ ਕਹਾਣੀਆਂ ਸੁਣਾਓ (ਲੂਕਾ 15:1-32)

ਯਿਸੂ ਦੇ ਸੁਣਨ ਵਾਲਿਆਂ ਵਿਚ ''ਮਸੂਲੀਏ ਅਤੇ ਪਾਪੀ'' ਸਨ (ਆਇਤ 1; ਵੇਖੋ ਲੂਕਾ 7:34)। ''ਪਾਪੀ'' ਸ਼ਬਦ ਸਾਨੂੰ ਅਜੀਬ ਲੱਗ ਸਕਦਾ ਹੈ ਕਿਉਂਕਿ ਸਭ ਪਾਪੀ ਹੀ ਤਾਂ ਹਨ (ਰੋਮੀਆਂ 3:23), ਪਰ ਇਸ ਸ਼ਬਦ ਦੀ ਵਰਤੋਂ ਉਨ੍ਹਾਂ ਲੋਕਾਂ ਲਈ ਕੀਤੀ ਗਈ ਸੀ, ਜਿਨ੍ਹਾਂ ਨੇ ਸੰਸਾਰ ਅਤੇ ਖ਼ਾਸ ਕਰਕੇ ਫ਼ਰੀਸੀ ਲੋਕ ਪਾਪੀ ਮੰਨਦੇ ਸਨ।

ਮਸੀਹ ਨੇ ਸਮਾਜ ਦੇ ਇਨ੍ਹਾਂ ਠੁਕਰਾਏ ਹੋਇਆਂ ਤੋਂ ਆਪਣੇ ਆਪ ਨੂੰ ਦੂਰ ਨਹੀਂ ਕੀਤਾ, ਬਲਕਿ ਉਨ੍ਹਾਂ ਦੇ ਨਾਲ ਉਸ ਨੇ ਖਾਣਾ ਵੀ ਖਾਧਾ (ਵੇਖੋ ਮੱਤੀ 9:10, 11)।[20] ਇਸ ਨਾਲ ਫਰੀਸੀ ਅਤੇ ਗ੍ਰੰਥੀ ਬੁੜਬੁੜਾਉਣ ਲੱਗੇ, ''ਇਹ ਤਾਂ ਪਾਪੀਆਂ ਨੂੰ ਕਬੂਲ ਕਰਦਾ ਅਤੇ ਉਨ੍ਹਾਂ ਨਾਲ ਖਾਂਦਾ ਹੈ'' (ਲੂਕਾ 15:2)। ਉਨ੍ਹਾਂ ਦੇ ਸਖ਼ਤ ਮਨ ਵਾਲੀ ਸ਼ਿਕਾਇਤ ਤੋਂ ਗੁਆਚੀਆਂ ਹੋਈਆਂ ਚੀਜ਼ਾਂ ਦੀਆਂ ਤਿੰਨ ਕਹਾਣੀਆਂ ਯਿਸੂ ਦੇ ਦ੍ਰਿਸ਼ਟਾਂਤ ਦੀ ਮਸ਼ਹੂਰ ਲੜੀ ਦਿੱਤੀ ਗਈ ਹੈ।

### ਗੁਆਚੀਆਂ ਅਤੇ ਪਾਈਆਂ (15: 1-24)

ਅਗਲੀ ਕਹਾਣੀ ਜੋ ਮਸੀਹ ਨੇ ਦੱਸੀ, ਉਹ ਇਕ ਅਯਾਲੀ ਦੀ ਸੀ, ਜਿਸਦੀ ਇਕ ਭੇਡ ਗੁਆਚ ਗਈ ਸੀ ਅਤੇ ਉਸ ਨੇ ਉਸ ਦੇ ਮਿਲ ਜਾਣ ਤੇ ਖੁਸ਼ੀ ਕੀਤੀ ਸੀ (ਆਇਤਾਂ 3–6)।[21] ਉਸ ਨੇ ਆਖਿਆ, ''ਮੈਂ ਤੁਹਾਨੂੰ ਆਖਦਾ ਹਾਂ ਜੋ ਇਸੇ ਤਰ੍ਹਾਂ ਸੁਰਗ ਵਿਚ ਇਕ ਤੌਬਾ ਕਰਨ ਵਾਲੇ ਪਾਪੀ ਦੇ ਕਾਰਣ ਨੜ੍ਹਿੱਨਵਿਆਂ ਧਰਮੀਆਂ ਨਾਲੋਂ ਜਿਨ੍ਹਾਂ ਨੂੰ ਤੌਬਾ ਕਰਨ ਦੀ ਲੋੜ ਨਹੀਂ ਬਹੁਤ ਖ਼ੁਸ਼ੀ ਹੋਵੇਗੀ''[22] (ਆਇਤ 7)। ਉਸਨੇ ਇਕ ਔਰਤ ਦੀ ਗੱਲ ਦੱਸੀ ਜਿਸ ਦਾ ਇਕ ਸਿੱਕਾ ਗੁਆਚ ਗਿਆ ਸੀ ਅਤੇ ਮਿਲਣ ਤੇ ਉਸ ਨੇ ਜਸ਼ਨ ਮਨਾਇਆ ਸੀ (ਆਇਤਾਂ 8, 9)।[23] ਉਸਨੇ ਆਖਿਆ ਕਿ ''ਮੈਂ ਤੁਹਾਨੂੰ ਆਖਦਾ ਹਾਂ ਭਈ ਇਸੇ ਤਰ੍ਹਾਂ ਖ਼ੁਦਾ ਦਿਆਂ ਦੂਤਾਂ ਦੇ ਅੱਗੇ ਇਕ ਤੌਬਾ ਕਰਨ ਵਾਲੇ ਪਾਪੀ ਦੇ ਕਾਰਣ ਖ਼ੁਸ਼ੀ ਹੁੰਦੀ ਹੈ'' (ਆਇਤ 10)। ਫਿਰ ਉਸ ਨੇ ''ਉਜਾੜੂ[24] ਪੁੱਤਰ'' ਦਾ ਦ੍ਰਿਸ਼ਟਾਂਤ ਦੱਸਿਆ। ਇਸ ਮਨਪਸੰਦ ਕਹਾਣੀ ਦੇ ਸਬੰਧ ਵਿਚ, ਜੌਨ ਐੱਫ਼. ਕਾਰਟਰ ਨੇ ਲਿਖਿਆ ਹੈ:

> ਹਜ਼ਾਰਾਂ ਲੋਕ ਜਿਨ੍ਹਾਂ ਕੋਲ ਟੁੱਟੇ ਹੋਏ ਦਿਲ ਨੇ ਉਨ੍ਹਾਂ ਨੂੰ ਨਿਰਾਸ਼ਾ ਦੇ ਕੰਢੇ ਲਾ ਦਿੱਤਾ ਹੈ, ਖ਼ੁਦਾ ਦੀ ਕਿਰਪਾ ਲਈ ਪ੍ਰੇਰਿਤ ਹੋਏ ਹਨ: ਅਤੇ ਇਵੇਂ ਕਰਦਿਆਂ ਉਨ੍ਹਾਂ ਨੇ ਸਿਰਫ਼ ਮਾਫ਼ ਭਾਵ ਖ਼ੁਦਾਈ ਰਜ਼ਾਮੰਦੀ ਨੂੰ ਮਹਿਸੂਸ ਕੀਤਾ ਹੈ, ਬਲਕਿ ਫ਼ਤਹਿਮੰਦ ਜ਼ਿੰਦਗੀ ਲਈ ਸ਼ਕਤੀ ਵੀ ਪਾਈ ਹੈ।[25]

ਅਖ਼ੀਰ ਵਿਚ ਉਜਾੜੂ ਪੁੱਤਰ ਦੇ ਘਰ ਵਾਪਿਸ ਮੁੜ ਆਉਣ ਤੇ ਬਹੁਤ ਖੁਸ਼ੀ ਕੀਤੀ ਗਈ ਸੀ (ਆਇਤ 24)।

**ਨਰਾਜ਼ਗੀ ਦੇ ਕਾਰਣ ਗਹਾਈਆਂ** (15:25-32)

ਉਜਾੜੂ ਪੁੱਤਰ ਦਾ ਦ੍ਰਿਸ਼ਟਾਂਤ ਦੱਸਦੇ ਹੋਏ ਅਸੀਂ ਹਮੇਸ਼ਾ ਉਸਦੇ ਘਰ ਵਾਪਿਸ ਮੁੜ ਆਉਣ ਦੀ ਖੁਸ਼ੀ ਦੇ ਜਸ਼ਨ ਨਾਲ ਖ਼ਤਮ ਕਰਦੇ ਹਾਂ; ਕਹਾਣੀ ਦਾ ਸੁਭਾਵਿਕ ਚਰਮ ਇਹੀ ਹੈ, ਪਰ ਯਿਸੂ ਨੇ ਕਹਾਣੀ ਇੱਥੇ ਖ਼ਤਮ ਨਹੀਂ ਕੀਤੀ ਸੀ। ਦ੍ਰਿਸ਼ਟਾਂਤ ਦਾ ਮੁੱਖ ਉਦੇਸ਼ ਪਿਤਾ ਦੀ ਖੁਸ਼ੀ ਨਾਲ ਵੱਡੇ ਭਰਾ ਦੀ ਨਰਾਜ਼ਗੀ ਨੂੰ ਵੱਖ ਕਰਨਾ ਸੀ (ਆਇਤਾਂ 25–30)।[26] ਦ੍ਰਿਸ਼ਟਾਂਤ ਵਿਚ ਵੱਡਾ ਭਰਾ ਫ਼ਰੀਸੀਆਂ ਨੂੰ ਬਲਕਿ ਫ਼ਰੀਸੀ ਹੀ ਨਹੀਂ, ਕੋਈ ਵੀ ਜੋ ਗੁਆਚੇ ਹੋਏ ਦੇ ਪ੍ਰਤੀ ਲਾਪਰਵਾਹ ਰਹਿੰਦੇ ਹਨ ਅਤੇ ਫਿਰ ਪ੍ਰਭੂ ਦੇ ਕੋਲ ਉਹ ਦੇ ਮੁੜ ਵਾਪਿਸ ਆਉਣ ਤੇ ਖੁਸ਼ ਨਹੀਂ ਹੁੰਦੇ, ਵਿਖਾਇਆ ਗਿਆ ਸੀ। ਸਾਡਾ ਵਰਤਾਓ ਅਜਿਹਾ ਹੋਣਾ ਚਾਹੀਦਾ ਹੈ ਜਿਵੇਂ ਪਿਤਾ ਨਾਲ ਆਪਣੇ ਵੱਡੇ ਬੇਟੇ ਨੂੰ ਆਖੇ ਗਏ ਸ਼ਬਦਾਂ ਵਿਚ ਮਿਲਦਾ ਹੈ: ਸਾਨੂੰ ਖੁਸ਼ੀ ਕਰਨੀ ਅਤੇ ਮਗਨ ਹੋਣਾ ਚਾਹੀਦਾ ਹੈ ''ਕਿਉਂਕਿ ਇਕ ਕੀਮਤੀ ਰੂਹ'' ਮੋਈ ਹੋਈ ਸੀ ਅਤੇ ਫੇਰ ਜੀ ਉੱਠੀ ਹੈ ਅਤੇ ''ਗੁਆਚ ਗਿਆ ਸੀ ਅਤੇ ਹੁਣ ਲੱਭ ਪਿਆ ਹੈ'' (ਆਇਤ 32)।

## ਮੈਨੂੰ ਧਨ ਦੀ ਵਰਤੋਂ ਕਰਨ ਦਾ ਤਰੀਕਾ ਦੱਸਣ ਵਾਲੀ ਕਹਾਣੀ ਸੁਣਾਓ (ਲੂਕਾ 16:1-13)

**ਨਮਕਹਰਾਮ ਮੁਖ਼ਤਿਆਰ** (16: 1-9)

ਫਿਰ, ਯਿਸੂ ਨੇ ਆਪਣੇ ਚੇਲਿਆਂ ਦੀ ਵੱਲ ਮੂੰਹ ਕਰਕੇ (ਆਇਤ 1) ਉਨ੍ਹਾਂ ਨੂੰ ਇਹ ਬੇਈਮਾਨ ਮੁਖ਼ਤਿਆਰ ਦਾ ਦ੍ਰਿਸ਼ਟਾਂਤ ਦੱਸਿਆ।[27] ਮੁਖ਼ਤਿਆਰ ਦਾ ਕੰਮ ਕਿਸੇ ਦੂਜੇ ਦੀਆਂ ਚੀਜ਼ਾਂ ਦੀ ਰਾਖੀ ਕਰਨਾ ਹੁੰਦਾ ਸੀ (ਵੇਖੋ ਲੂਕਾ 12:41–48; 1 ਕੁਰਿੰਥੀਆਂ 4:2)।

ਇਸ ਮੁਖ਼ਤਿਆਰ ਬਾਰੇ ਯਿਸੂ ਦੀ ਕਹਾਣੀ ਉਸ ਦੇ ਆਮ ਦ੍ਰਿਸ਼ਟਾਂਤਾਂ ਵਿੱਚੋਂ ਇਕ ਹੈ। ਸਰਸਰੀ ਤੌਰ ਤੇ, ਵੇਖਣ ਨਾਲ ਬੇਈਮਾਨ ਹੋਣ ਦੀ ਗੱਲ ਬਹੁਤ ਵਡਿਆਈ ਵਾਲੀ ਲਗਦੀ ਹੈ।[28] ਉਸ ਮੁਖ਼ਤਿਆਰ ਨੇ ਉਸ ਨੂੰ ਦਿੱਤੇ ਗਏ ਧਨ ਦੀ ਸਹੀ ਵਰਤੋਂ ਨਹੀਂ ਕੀਤੀ ਸੀ (ਆਇਤ 1) ਅਤੇ ਉਸਨੂੰ ਸਜ਼ਾ ਮਿਲਣ ਵਾਲੀ ਸੀ (ਆਇਤ 2)।[29] ਉਸਨੇ ਫੁਰਤੀ ਨਾਲ ਆਪਣੇ ਮਾਲਕ ਦੇ ਕਰਜ਼ਦਾਰਾਂ ਨੂੰ ਬੁਲਾਇਆ, ਕਿਤਾਬਾਂ ਵਿਚ ਉਨ੍ਹਾਂ ਦਾ ਕਰਜ਼ ਘੱਟ ਕਰ ਦਿੱਤਾ (ਆਇਤਾਂ 5–7) ਤਾਂ ਜੋ ਕੰਮ ਤੋਂ ਕੱਢੇ ਜਾਣ ਤੇ ਉਹ ਉਨ੍ਹਾਂ ਨਾਲ ਆਪਣੀ ਦੋਸਤੀ ਦੀ ਕੀਮਤ ਵਸੂਲ ਸਕੇ (ਆਇਤ 4)। ਛੇਤੀ ਹੀ ਪਹਿਲਾਂ ਮਾਲਕ ਬਣਨ ਵਾਲੇ ਉਸਦੇ ਬੌਸ ਨੇ ਇਸ ਆਦਮੀ ਦੀ ਹੁਸ਼ਿਆਰੀ ਲਈ ਇਸ ਦੀ ਵਡਿਆਈ ਕੀਤੀ (ਆਇਤ 8)।[30]

ਕੀ ਯਿਸੂ ਮੁਖ਼ਤਿਆਰ ਹੋਣ ਵਿਚ ਬੇਈਮਾਨੀ ਦੀ ਵਡਿਆਈ ਕਰ ਰਿਹਾ ਸੀ? ਕਦੇ ਵੀ ਨਹੀਂ (ਧਿਆਨ ਦਿਓ 16:17)। ਜੋ ਗੱਲ ਉਹ ਸਮਝਾਉਣਾ ਚਾਹੁੰਦਾ ਸੀ, ਉਹ ਆਇਤ 8 ਦੇ ਅਖੀਰ ਵਿਚ ਮਿਲਦੀ ਹੈ: ''ਕਿਉਂਕਿ ਇਸ ਸੰਸਾਰ ਦੇ ਲੋਕ ਆਪਣੇ ਸਮੇਂ ਦੇ ਲੋਕਾਂ ਦੇ ਨਾਲ ਰੀਤ ਵਿਹਾਰਾਂ ਵਿਚ ਚਾਨਣ ਦੇ ਲੋਕਾਂ ਦੇ ਨਾਲੋਂ ਜ਼ਿਆਦਾ ਹੁਸ਼ਿਆਰ ਹਨ।'' ਇਸ ਨੂੰ ਇਵੇਂ ਵੀ ਆਖਿਆ ਜਾ ਸਕਦਾ ਹੈ ਕਿ ਖ਼ੁਦਾ ਦੇ ਕੰਮਾਂ ਨੂੰ ਕਰਨ ਲਈ ਖ਼ੁਦਾ ਦੇ ਲੋਕਾਂ ਦੀ ਤੁਲਨਾ ਵਿਚ ਕੁਧਰਮੀ ਲੋਕ ਕੁਧਰਮ ਦੇ ਕੰਮਾਂ ਨੂੰ ਪੂਰਾ ਕਰਨ ਲਈ ਧਨ ਦੀ ਵਰਤੋਂ ਚੰਗੀ ਤਰ੍ਹਾਂ ਕਰ ਸਕਦੇ ਹਨ।

ਬੇਈਮਾਨ ਮੁਖ਼ਤਿਆਰ ਨੇ ਧਨ ਨੂੰ ਦੋਸਤ ਬਣਾ ਲਿਆ ਸੀ। ਇਸ ਲਈ, ਮਸੀਹ ਨੇ ਆਖਿਆ, ''ਕੁਧਰਮ ਦੀ ਮਾਇਆ[31] ਨਾਲ ਆਪਣੇ ਲਈ ਮਿੱਤਰ ਬਣਾਉਣ ਤਾਂ ਜਿਸ ਵੇਲੇ ਇਹ ਜਾਂਦੀ ਰਹੇ

ਉਹ ਤੁਹਾਨੂੰ ਸਦੀਪਕਾਲ ਦੇ ਰਹਿਣ ਵਾਲੇ ਡੇਰਿਆਂ ਵਿਚ ਕਬੂਲ ਕਰਨ'' (ਆਇਤ 9)। ਮਾਇਆ ਨਾਲ ''ਮਿੱਤਰ ਬਣਾਓ'' ਦਾ ਸਾਡਾ ਤਰੀਕਾ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੈ। ਯਿਸੂ ਮੁਤਾਬਿਕ, ਦੂਜਿਆਂ ਨੂੰ ਦੇਣਾ ਸੁਰਗ ਵਿਚ ਧਨ ਜਮ੍ਹਾ ਕਰਨਾ ਹੈ ਅਤੇ ਇਸ ਨਾਲ ਉਨ੍ਹਾਂ ਲੋਕਾਂ ਨਾਲ ਜਿਨ੍ਹਾਂ ਨੂੰ ਅਸੀਂ ਧਰਤੀ ਉਤੇ ਮਦਦ ਕੀਤੀ ਹੈ, ਗਰਮਜੋਸ਼ੀ ਨਾਲ ਸੁਆਗਤ ਦਾ ਭਰੋਸਾ ਵੀ ਮਿਲਦਾ ਹੈ। ਇੱਥੇ ਸਿੱਖਿਆ ਲੂਕਾ 12:33 ਵਾਲੀ ਹੀ ਹੈ: ''ਆਪਣਾ ਮਾਲ ਵੇਚ ਕੇ ਦਾਨ ਕਰੋ ... ਧਨ ਜੋ ਘੱਟਦਾ ਨਹੀਂ ਸੁਰਗ ਵਿਚ ਤਿਆਰ ਕਰੋ।''[32]

**ਦਿਆਨਤਦਾਰ ਮੁਖ਼ਤਿਆਰ** (16:10-13)

ਮਸੀਹ ਨੇ ਦ੍ਰਿਸ਼ਟਾਂਤ ਵਿਚ ਚੰਗੇ ਮੁਖ਼ਤਿਆਰ, ਖ਼ਾਸ ਕਰਕੇ ਆਪਣੇ ਧਨ ਤੇ ਆਮ ਤਾੜਨਾ ਦੇਣ ਤੇ ਜ਼ੋਰ ਦਿਓ (ਆਇਤਾਂ 10–12)। ਉਸ ਨੇ ਧਨ ਨੂੰ ਮਾਲਕ ਬਣਨ ਦੀ ਆਗਿਆ ਦੇਣ ਦੇ ਵਿਰੁੱਧ ਚਿਤਾਵਨੀ ਦਿੱਤੀ (ਆਇਤ 13; ਵੇਖੋ ਮੱਤੀ 6:24)। ਉਹ ਦ੍ਰਿਸ਼ਟਾਂਤ ਦੀ ਜਾਣ ਪਛਾਣ ਦੱਸਦੇ ਇਨ੍ਹਾਂ ਸ਼ਬਦਾਂ ਨਾਲ ਆਪਣੀ ਸਿੱਖਿਆ ਨੂੰ ਜਾਰੀ ਰੱਖ ਸਕਦਾ ਸੀ ਕਿ ''ਫਰੀਸੀਆਂ ਦੇ ਖ਼ਮੀਰ ਤੋਂ ਜੋ ਕਪਟ ਹੈ ਹੁਸ਼ਿਆਰ ਰਹੋ'' (ਲੂਕਾ 12:1) ਕਿਉਂਕਿ ''ਫਰੀਸੀ ਲੋਭੀ ਸਨ'' (ਲੂਕਾ 16:14)। ਉਨ੍ਹਾਂ ਦਾ ਯਕੀਨ ਸੀ ਕਿ ਅਮੀਰ ਹੋਣਾ ਖੁਦਾ ਨੂੰ ਕਬੂਨ ਹੋਣ ਦਾ ਸਾਫ਼ ਸਬੂਤ ਹੈ।

## ਮੈਨੂੰ "ਨਰਕ" ਤੋਂ ਬਾਹਰ ਰਹਿਣ ਦਾ ਤਰੀਕਾ ਦੱਸਣ ਵਾਲੀ ਕਹਾਣੀ ਸੁਣਾਓ (ਲੂਕਾ 16:14-31)

ਯਿਸੂ ਦਾ ਸੰਸਾਰ ਵਿਚ ਸਾਫ਼ ਤੌਰ ਤੇ ਧਨ ਸਭ ਤੋਂ ਮਹੱਤਵਪੂਰਣ ਨਹੀਂ ਸੀ। ਜਦ ਫਰੀਸੀਆਂ ਨੇ ''ਇਹ ਸਭ ਗੱਲਾਂ'' ਸੁਣੀਆਂ ਤਾਂ ਉਹ ਉਸ ਦਾ ਮਖੌਲ ਉਡਾਉਣ ਲੱਗੇ (ਆਇਤ 14)।[33] ਉਨ੍ਹਾਂ ਨੂੰ ਯਿਸੂ ਨੂੰ ਲੋਕਾਂ ਦੀ ਨਜ਼ਰ ਵਿਚ ਡੇਗਣ ਦੀ ਆਸ ਸੀ

**ਪਤਾਲ ਵਿਚ ਧਨਵਾਨ** (16:15-18)

ਮਸੀਹ ਨੇ ਫਰੀਸੀਆਂ ਨੂੰ ਝਿੜਕਦੇ ਹੋਏ ਆਪਣੀ ਪ੍ਰਤੀਕਿਰਿਆ ਦਿੱਤੀ:[34]

- ਉਸਨੇ ਉਨ੍ਹਾਂ ਨੂੰ ਆਪਣੇ ਲੋਕਾਂ ਦੀ ਨਜ਼ਰ ਵਿਚ ਦਿਆਨਤਦਾਰ ਠਹਿਰਾਉਣ ਲਈ ਝਿੜਕਿਆ (ਆਇਤ 15)।
- ਉਸ ਨੇ ਉਨ੍ਹਾਂ ਨੂੰ ਆਪਣੇ ਖੁਦਮੁੱਖ਼ਤਿਆਰ ਕਨੂੰਨਾਂ ਅਤੇ ਮਰਿਯਾਦਾ ਨਾਲ ਖ਼ੁਦਾ ਦੇ ਰਾਜ ਵਿਚ ਆਪਣੇ ਤਰੀਕੇ ਨੂੰ ''ਮਨਵਾਉਣ'' ਦੀ ਕੋਸ਼ਿਸ਼ ਕਰਨ ਲਈ ਝਿੜਕਿਆ (ਆਇਤ 16)।[35]
- ਉਸਨੇ ਉਨ੍ਹਾਂ ਨੂੰ ਖ਼ੁਦਾ ਦੇ ਟਲ ਨਾ ਜਾਣ ਵਾਲੇ ਵਚਨ ਦੇ ਬਦਲੇ ਮਨੁੱਖਾਂ ਦੀਆਂ ਬਣਾਈਆਂ ਹੋਈਆਂ ਰੀਤਾਂ ਦਾ ਧਿਆਨ ਰੱਖਣ ਲਈ ਝਿੜਕਿਆ (ਆਇਤਾਂ 17, 18)।[36]

**ਪਤਾਲ ਵਿਚ ਇਕ ਧਨਵਾਨ** (16:19-31)

ਝਿੜਕਣ ਦੇ ਬਾਅਦ ਮਸੀਹ ਨੇ ਉਨ੍ਹਾਂ ਨੂੰ ਇਕ ਕਹਾਣੀ ਸੁਣਾਈ। ਜੇ ਬੇਈਮਾਨ ਮੁਖ਼ਤਿਆਰ ਤੇ ਉਸ ਦੇ ਦ੍ਰਿਸ਼ਟਾਂਤ ਨਾਲ ਧਨ ਦੇ ਲੋਭੀ ਪਰੇਸ਼ਾਨ ਸਨ ਤਾਂ, ਇਸ ਦ੍ਰਿਸ਼ਟਾਂਤ ਨਾਲ ਉਹ ਅਤੇ ਹੋਰ ਵੀ ਪਰੇਸ਼ਾਨ ਹੋਏ ਹੋਣਗੇ। ਇਹ ਇਕ *ਅਮੀਰ* ਆਦਮੀ ਦੀ ਕਹਾਣੀ ਸੀ ਜੋ ਗੁਆਚਿਆ ਹੋਇਆ ਸੀ ।

ਲੂਕਾ 16:19–31 ਨੂੰ ਆਮ ਤੌਰ ਤੇ ''ਅਮੀਰ[37] ਅਤੇ ਲਾਜ਼ਰ ਦਾ ਦ੍ਰਿਸ਼ਟਾਂਤ ਦੇ ਤੌਰ ਤੇ ਜਾਣਿਆ ਜਾਂਦਾ ਹੈ।'' ਇਹ ਉਸ ਆਮ ਅਮੀਰ ਆਦਮੀ ਦੀ ਕਹਾਣੀ ਹੈ, ਜੋ ਮੁਖ਼ਤਿਆਰ ਹੋਣ ਦੀ

ਅਜ਼ਮਾਇਸ਼ ਵਿਚ ਨਾਕਾਮ ਰਿਹਾ ਸੀ। ਉਸ ਨੇ ਲਾਜ਼ਰ ਨਾਮਕ ਇਕ ਮੰਗਤੇ ਦੀ ਮਦਦ ਕਰਨ ਦੇ ਮੌਕੇ ਦਾ ਫ਼ਾਇਦਾ ਨਹੀਂ ਚੁੱਕਿਆ ਸੀ।[38] ਜਦ ਉਹ ਮੰਗਤਾ ਮਰ ਗਿਆ ਤਾਂ ਉਸ ਨੂੰ ਫ਼ਰਿਸ਼ਤਿਆਂ ਨੇ ''ਅਬਰਾਹਾਮ ਦੀ ਗੋਦ'' ਵਿਚ ਲੈ ਜਾ ਰੱਖਿਆ (ਆਇਤ 22); ਪਰ ਜਦ ਉਹ ਅਮੀਰ ਮਰ ਗਿਆ ਤਾਂ ਉਸ ਨੇ ਆਪਣੇ ਆਪ ਨੂੰ ''ਦੁਖੀ'' ਪਾਇਆ (ਆਇਤ 23)।

ਅਮੀਰ ਆਦਮੀ ਨੇ ਬੇਨਤੀ ਕੀਤੀ ਕਿ ਕੀ ਲਾਜ਼ਰ ਨੂੰ ਉਸ ਦੇ ਪੰਜ ਭਰਾਵਾਂ ਨੂੰ ਸਾਵਧਾਨ ਕਰਨ ਲਈ ਧਰਤੀ ਤੇ ਵਾਪਿਸ ਭੇਜਿਆ ਜਾਵੇ, ਪਰ ਉਸ ਨੂੰ ਦੱਸਿਆ ਗਿਆ ਕਿ ''ਉਨ੍ਹਾਂ ਦੇ ਕੋਲ ਮੂਸਾ ਅਤੇ ਨਬੀ ਹਨ, ਉਹ ਉਨ੍ਹਾਂ ਦੀ ਸੁਣਨ। ... ਪਰ ਉਸ ਆਖਿਆ, ਨਾ ਜੀ, ਹੇ ਪਿਤਾ ਅਬਰਾਹਾਮ ਪਰ ਜੇ ਮੁਰਦਿਆਂ ਵਿੱਚੋਂ ਜੀ ਉੱਠ ਕੇ ਕੋਈ ਉਨ੍ਹਾਂ ਦੇ ਕੋਲ ਜਾਵੇ ਤਾਂ ਓਹ ਤੌਬਾ ਕਰਨਗੇ'' (ਆਇਤਾਂ 29, 31)। ਇਹ ਸ਼ਬਦ ਆਮ ਤੌਰ ਤੇ ਫਰੀਸੀਆਂ ਲਈ ਸਨ: ਉਨ੍ਹਾਂ ਕੋਲ ਮੂਸਾ ਅਤੇ ਨਬੀਆਂ ਦੀਆਂ ਕਿਤਾਬਾਂ ਸਨ, ਜੋ ਯਿਸੂ ਦੀ ਗਵਾਹੀ ਦਿੰਦੇ ਸਨ (ਲੂਕਾ 24:44), ਪਰ ਉਨ੍ਹਾਂ ਨੇ ਉਸਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸੇ ਤਰ੍ਹਾਂ ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਵਜੂਦ ਵੀ ਉਨ੍ਹਾਂ ਨੇ ਯਕੀਨ ਨਹੀਂ ਕੀਤਾ (ਲੂਕਾ 7:11–17; 8:41–56; ਵੇਖੋ ਯੂਹੰਨਾ 11:1–53; 12:9–11) ਸੀ। ਅਸਲ ਵਿਚ ਬਾਅਦ ਵਿਚ ਜੇ ਆਪ ਯਿਸੂ ਵੀ ਮੁਰਦਿਆਂ ਵਿੱਚੋ ਜੀ ਉੱਠ ਕੇ ਵੀ ਜਾਵੇ, ਤਾਂ ਵੀ ਉਨ੍ਹਾਂ ਨੇ ਯਕੀਨ ਨਹੀਂ ਕਰਨਾ ਸੀ (ਮੱਤੀ 28:11–15; ਰਸੂਲਾਂ ਦੇ ਕੰਮ 4:1–22)।

ਕਈ ਲੋਕ ਜਿਨ੍ਹਾਂ ਨੂੰ ਲੂਕਾ 16:19–31 ਦੇ ਅਰਥ ਪਸੰਦ ਨਹੀਂ ਹਨ,[39] ''ਫਰੀਸੀ'' ਸ਼ਬਦ ਨੂੰ ਇਹ ਸਿਖਾਉਣ ਲਈ ਕਿ ਇਹ ਵੇਰਵਾ ਕਿਸੇ ਪਰੀ ਕਥਾ ਨਾਲੋਂ ਵੱਧ ਨਹੀਂ ਹੈ, *ਅਗਵਾ* ਕਰ ਲਿਆ ਹੈ। ਇਨ੍ਹਾਂ ਸਚਿਆਈਆਂ ਨੂੰ ਯਾਦ ਰੱਖੋ।

(1) ਬਾਈਬਲ ਇਸ ਕਹਾਣੀ ਨੂੰ ਦ੍ਰਿਸ਼ਟਾਂਤ ਨਹੀਂ ਕਹਿੰਦੀ। ਜੇ ਇਹ ਦ੍ਰਿਸ਼ਟਾਂਤ ਹੁੰਦਾ ਤਾਂ ਇਹ ਇੱਕੋ ਦ੍ਰਿਸ਼ਟਾਂਤ ਹੈ, ਜਿਸ ਵਿਚ ਮੁੱਖ ਪਾਤਰ (ਲਾਜ਼ਰ) ਦਾ ਨਾਮ ਦਿੱਤਾ ਗਿਆ ਹੈ। ਇਸ ਦੇ ਇਲਾਵਾ ਜੇ ਇਹ ਦ੍ਰਿਸ਼ਟਾਂਤ ਹੈ, ਤਾਂ ਉਹ ਉਨ੍ਹਾਂ ਕੁਝ ਦ੍ਰਿਸ਼ਟਾਂਤਾਂ ਵਿੱਚੋਂ ਇਕ ਹੈ ਜੋ ਜ਼ਿੰਦਗੀ ਦੇ ਆਮ ਹਾਲਾਤ ਤੇ ਅਧਾਰਿਤ ਨਹੀਂ ਹੈ, ਜਿਨ੍ਹਾਂ ਤੋਂ ਯਿਸੂ ਦੇ ਸੁਣਨ ਵਾਲੇ ਵਾਕਫ਼ ਸਨ। ਯਕੀਨਨ ਹੀ, ਜਿਵੇਂ ਕਿ ਅਸੀਂ ਜੋਰ ਦਿੱਤਾ ਹੈ, ''ਦ੍ਰਿਸ਼ਟਾਂਤ'' ਸ਼ਬਦ ਦੀ ਵਰਤੋਂ ਇੰਜੀਲ ਦੇ ਵਿਰਤਾਂਤਾਂ ਵਿਚ ਬਹੁਤ ਲਚੀਲੇ ਢੰਗ ਨਾਲ ਹੋਈ ਹੈ; ਕਈ ਵਾਰ ਇਸ ਦਾ ਮਤਲਬ ''ਉਦਾਹਰਣ'' ਨਾਲੋਂ ਥੋੜ੍ਹਾ ਵੱਧ ਹੁੰਦਾ ਹੈ (ਇਸ ਪਾਠ ਵਿਚ ਲੂਕਾ 14:7–10 ਵੇਖੋ)। ਇਸ ਲਈ ਅਮੀਰ ਆਦਮੀ ਅਤੇ ਲਾਜ਼ਰ ਦੀ ਕਹਾਣੀ ਦੇ ''ਦ੍ਰਿਸ਼ਟਾਂਤ'' ਨੂੰ ਕਹਾਣੀ ਆਖਣ ਵਿਚ ਤਦ ਤਕ ਕੋਈ ਬੁਰਿਆਈ ਨਹੀਂ ਹੈ ਜਦ ਤਕ ਅਸੀਂ ਯਾਦ ਰੱਖਦੇ ਹਾਂ, ਕਿ ਇਹ ਪ੍ਰਭੂ ਵੱਲੋਂ ਨਹੀਂ ਬਲਕਿ ਸਾਡੇ ਵੱਲੋਂ ਦਿੱਤਾ ਗਿਆ ਨਾਮ ਹੈ।

(2) ਇਸ ਕਹਾਣੀ ਨੂੰ ''ਦ੍ਰਿਸ਼ਟਾਂਤ'' ਵੀ ਆਖੀਏ, ਤਾਂ ਵੀ ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਇਸ ਤੇ ''ਕਲਪਨਾ'' ਦਾ ਠੱਪਾ ਲਾ ਰਹੇ ਹਾਂ। ਜੇ. ਡਬਲਯੂ. ਮੈਕਗਰਵੇ ਨੇ ਟਿੱਪਣੀ ਕੀਤੀ ਹੈ, ''ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਯਿਸੂ ਦੇ ਦ੍ਰਿਸ਼ਟਾਂਤਾਂ ਵਿਚ ਕਦੇ ਨਾ ਤਾਂ ਕਾਲਪਨਿਕ ਹਾਲਾਤ ਦਾ ਜ਼ਿਕਰ ਹੈ ਅਤੇ ਨਾ ਕਦੇ ਕੁਦਰਤ ਦੀ ਕਾਨੂੰਨ ਅਤੇ ਨੇਮ ਦਾ ਉਲੰਘਣ ਹੈ।''[40] ਇਹ ਸ਼ੱਕ ਕਰਨ ਦਾ ਕੋਈ ਕਾਰਣ ਨਹੀਂ ਹੈ ਕਿ ਲੂਕਾ 16:19–31 ਦੇ ਦ੍ਰਿਸ਼ਟਾਂਤ ਮੌਤ ਦੇ ਬਾਅਦ ਰੂਹਾਂ ਦੀ ਹਾਲਤ ਵਿਖਾਉਂਦੇ ਹਨ: ਗੁਆਚੇ ਹੋਇਆਂ ਦੀ ਸਰਾਪੀ ਹਾਲਤ ਅਤੇ ਉਨ੍ਹਾਂ ਦੀ ਜੋ ਬਚਾਏ ਗਏ ਹਨ, ਉਨ੍ਹਾਂ ਦੀ ਸੁਭਾਵਕ ਹਾਲਤ ਸਦੀਪਕ ਕਾਲ ਤੋਂ ਹੋਣ ਵਾਲੇ ਦੇ ਕਾਰਣ (ਯੂਹੰਨਾ 1:1, 2, 14), ''ਯਿਸੂ ਹੀ ਦੁਨਿਆ ਦਾ ਇਕੱਲਾ ਸ਼ਖ਼ਸ ਹੈ, ਜੋ ਮੌਤ ਦੇ ਬਾਅਦ ਦੇ ਅਨੁਭਵਾਂ ਦਾ ਬਿਆਨ ਕਰ ਸਕਦਾ ਹੈ।''[41]

## ਸਾਰ

ਜੇ ਅਸੀਂ ਇਨ੍ਹਾਂ ਪਾਠਾਂ ਦੀਆਂ ਨਿੱਜੀ ਪ੍ਰਾਸੰਗਿਕਤਾਵਾਂ ਬਣਾਈਏ, ਤਾਂ ਵਿਹਾਰਿਕ ਢੰਗ ਨਾਲ ਸਾਡੀਆਂ ਜ਼ਿੰਦਗੀਆਂ ਵਿਚ ਅਸਰ ਪੈ ਸਕਦਾ ਹੈ। ਉਦਾਹਰਣ ਲਈ ਅਸੀਂ ਆਪਣੇ ਘਰਾਂ ਵਿਚ ਉਨ੍ਹਾਂ ਲੋਕਾਂ ਨੂੰ ਸੱਦਾ ਦੇ ਸਕਦੇ ਹਾਂ, ਜਿਨ੍ਹਾਂ ਨੂੰ ਅਸੀਂ ਪਹਿਲਾਂ ਕਦੇ ਸੱਦਾ ਦੇਣ ਦੇ ਯੋਗ ਨਹੀਂ ਸਮਝਿਆ, ਸ਼ਾਇਦ ਕਿਸੇ ਅਜਿਹੇ ਆਦਮੀ ਨੂੰ ਵੀ ਜੋ ਬਦਲੇ ਵਿਚ ਸਾਨੂੰ ਭੁਲਾ ਸਕਦਾ ਹੋਵੇ। ਅਸੀਂ ਆਪਣੇ ਆਪ ਤੋਂ ਪੁੱਛ ਸਕਦੇ ਹਾਂ, ''ਕੀ ਮੈਂ ਯਿਸੂ ਵਾਂਗ ਪਾਪੀਆਂ ਦਾ ਦੋਸਤ ਹਾਂ?'' ਸ਼ਾਇਦ ਇਸ ਹਫ਼ਤੇ ਅਸੀਂ ਕਿਸੇ ਨਾਲ ਮੇਲ ਮੁਲਾਕਾਤ ਕਰਨ ਦਾ ਮਨ ਬਣਾ ਲਈਏ।[42] ਹੋਰ ਕੁਝ ਨਹੀਂ ਤਾਂ ਸੱਦੇ ਦੇ ਦ੍ਰਿਸ਼ਟਾਂਤ (ਲੂਕਾ 14: 16–24) ਨਾਲ ਸਾਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ, ''ਕੀ ਮੈਂ ਪ੍ਰਭੂ ਦੇ ਸੱਦੇ ਨੂੰ ਕਬੂਲ ਕੀਤਾ ਹੈ?'' ਅਮੀਰ ਅਤੇ ਲਾਜ਼ਰ ਦੀ ਕਹਾਣੀ ਤੋਂ ਸਾਡੇ ਲਈ ਆਪਣੇ ਅੰਦਰ ਟੋਹਣ ਵਾਲਾ ਸੁਆਲ ਉੱਠਣਾ ਚਾਹੀਦਾ ਹੈ ਕਿ ''ਕੀ ਮੈਂ ਮਰਨ ਲਈ ਤਿਆਰ ਹਾਂ?''

## ਨੋਟਸ

ਇਸ ਪਾਠ ਲਈ ਦਿੱਤੀਆਂ ਗਈਆਂ ਆਇਤਾਂ ਵਿਚ ਪ੍ਰਚਾਰ ਦੀਆਂ ਸੰਭਾਵਨਾਵਾਂ ਹਨ।

### ਲੂਕਾ 14

ਸੱਦੇ ਦਾ ਦ੍ਰਿਸ਼ਟਾਂਤ (ਲੂਕਾ 14: 16–24) ਉਨ੍ਹਾਂ ਬਹਾਨਿਆਂ ਤੇ ਪ੍ਰਚਾਰ ਕਰਨ ਲਈ ਵਰਤਿਆ ਜਾ ਸਕਦਾ ਹੈ, ਜੋ ਯਿਸੂ ਦੇ ਪਿੱਛੇ ਨਾ ਚੱਲਣ ਲਈ ਹਮੇਸ਼ਾ ਬਣਾਉਂਦੇ ਹਨ। ਕਿਸੇ ਨੇ ਆਖਿਆ ਹੈ ਕਿ ਬਹਾਨਾ ''ਝੂਠ ਨਾਲ ਭਰੇ ਹੋਏ ਤਰਕ ਦਾ ਉਤਲਾ ਭਾਗ'' ਹੈ। ਕੈਰਲ ਸਾਈਟਸ ਇਸ ਵਚਨ ਤੇ ਆਪਣੇ ਪੈਗ਼ਾਮ ਨੂੰ ''ਏ ਰਿਐਲਟੇਰ, ਏ ਫ਼ਾਰਮਰ, ਐਂਡ ਏ ਹੈੱਨ–ਪੈੱਕਡ ਹਸਬੈਂਡ'' ਆਖਦਾ ਹੈ।[43]

### ਲੂਕਾ 15

ਲੂਕਾ 15 ਦੀਆਂ ਗੁਆਚੀਆਂ ਹੋਈਆਂ ਚੀਜ਼ਾਂ ਤੇ ਕੋਈ ਪੈਗ਼ਾਮ ਦਿੱਤੇ ਜਾ ਚੁੱਕੇ ਹਨ। ਇਸ ਅਧਿਐਨ ਤੇ ਪ੍ਰਚਾਰ ਕਰਨ ਦੀ ਤਿਆਰੀ ਕਰਦਿਆਂ ਉਸ ਪੁੱਤਰ ਤੇ ਪ੍ਰਚਾਰ ਕਰਨ ਨੂੰ ਨਜ਼ਰਅੰਦਾਜ਼ ਨਾ ਕਰੋ ਜੋ ''ਘਰ ਵਿਚ ਗੁਆਚ ਗਏ'' ਸਨ। ਇਸ ਪਾਠ ਦੇ ਬਾਅਦ ਵੱਡੇ ਭਰਾ ਤੇ ਪੈਗ਼ਾਮ ਦਾ ਨੋਟਸ ਵੇਖੋ।

### ਲੂਕਾ 16

ਲੂਕਾ 16 ਵਿਚ ਅਮੀਰ ਅਤੇ ਲਾਜਰ ਦੇ ਵਿਰਤਾਂਤ ਨੇ ਕਈ ਪ੍ਰਚਾਰਕਾਂ ਦਾ ਧਿਆਨ ਖਿੱਚਿਆ ਹੈ। ਇਸ ਕਿਤਾਬ ਵਿਚ ਇਸ ਅਧਿਐਨ ਲਈ ਮੇਰੇ ਕੋਲ ਇਕ ਹੋਰ ਤਰੀਕਾ ਹੈ: '' 'ਨਰਕ' ਚੋਂ ਇਕ ਚਿੱਠੀ'' ਸਿਰਲੇਖ ਨਾਲ ਇਕ ਵੇਰਵੇ ਭਰਿਆ ਸੰਦੇਸ਼ ਹੈ। ਇਸ ਕਹਾਣੀ ਤੇ ਨੀਲ ਪ੍ਰਾਯੋਰ ਦਾ ਇਕ ਸੰਦੇਸ਼ ਹੈ, ਜਿਸ ਨੂੰ ਉਹਨੇ ''ਤਿੰਨ ਦ੍ਰਿਸ਼ਾਂ ਵਿਚ ਫ਼ਤਹਿ ਅਤੇ ਦੁਖਾਂਤ'' ਨਾਂਅ ਦਿੱਤਾ ਹੈ।[44] ਦ੍ਰਿਸ਼ 1, ਅਮੀਰ ਆਦਮੀ ਅਤੇ ਲਾਜ਼ਰ ਦੀਆਂ ਜ਼ਿੰਦਗੀਆਂ ਵਿਚ ਫ਼ਰਕ ਵਿਖਾਇਆ ਹੈ: ਅਮੀਰ ਆਦਮੀ ਫ਼ਤਹਿਮੰਦ ਜ਼ਿੰਦਗੀ ਦਾ ਆਨੰਦ ਲੈਂਦਾ ਹੈ, ਜਦ ਕਿ ਲਾਜ਼ਰ ਦੁਖਾਂਤ ਨੂੰ ਝੱਲਦਾ ਹੈ। ਦ੍ਰਿਸ਼ 2 ਵਿਚ ਦੋਹਾਂ ਦੇ ਜਨਾਜ਼ਿਆਂ ਦੀ ਕਲਪਨਾ ਹੈ: ਬਿਨਾਂ ਸ਼ੱਕ, ਅਮੀਰ ਨੂੰ ਠਾਠ ਬਾਠ (ਵਾਧੂ ਫ਼ਤਹਿ) ਨਾਲ ਦਫ਼ਨਾਇਆ ਜਾਂਦਾ ਹੈ, ਜਦ ਕਿ ਲਾਜ਼ਰ ਦੀ ਲਾਸ਼ ਨੂੰ ਸ਼ਾਇਦ ਕਿਸੇ ਗੁਮਨਾਮ ਕਬਰ ਵਿਚ ਸੁੱਟ ਦਿੱਤਾ ਜਾਂਦਾ ਹੈ (ਦੁਖਾਂਤ ਹੋਰ ਵਧ ਗਿਆ)। ਫਿਰ, ਦ੍ਰਿਸ਼ 3 ਵਿਚ ਦੋਹਾਂ ਨੂੰ ਪਤਾਲ ਵਿਚ ਵਿਖਾਇਆ ਜਾਂਦਾ ਹੈ: ਅਖ਼ੀਰ ਵਿਚ, ਲਾਜ਼ਰ, ਫ਼ਤਹਿਮਮੰਦ ਹੈ, ਜਦ ਕਿ ਅਮੀਰ ਦੁਖਾਂਤ ਝੱਲ ਰਿਹਾ ਹੈ। ਸਾਰ ਦਿੱਤਾ ਹੈ ਕਿ ''ਦ੍ਰਿਸ਼ 3'' ਹੀ ਮੁੱਖ ਹੈ।

ਇਸ ਪਾਠ ਦੀਆਂ ਆਇਤਾਂ ਦੀ ਵਰਤੋਂ ਖਰਚ ਦਾ ਹਿਸਾਬ ਲਾਉਣ, ਚੰਗਾ ਮੁਖ਼ਤਿਆਰ ਬਣਨ ਅਤੇ ਹੋਰ ਮਹੱਤਵਪੂਰਣ ਸਿਧਾਂਤਾਂ ਤੇ ਵਿਚਾਰ ਕਰਨ ਲਈ ਕੀਤਾ ਜਾ ਸਕਦਾ ਹੈ।

---

ਟਿੱਪਣੀਆਂ

[1]ਤੁਸੀਂ ''ਦ੍ਰਿਸ਼ਟਾਂਤ'' ਦੇ ਅਰਥ ਦੀ ਸਮੀਖਿਆ ਕਰਕੇ ਯਿਸੂ ਵੱਲੋਂ ਵਰਤੇ ਜਾਣ ਵਾਲੇ ਦ੍ਰਿਸ਼ਟਾਂਤਾਂ ਦੀ ਸਮੀਖਿਆ ਕਰ ਸਕਦੇ ਹੋ। [2]ਐੱਚ. ਆਈ. ਹੇਸਟਰ, *ਦ ਹਾਈ ਆਫ਼ ਦ ਨਿਊ ਟੈਸਟਾਮੈਂਟ* (ਲਿਬਰਟੀ ਮਿਜ਼ੋਰੀ: ਕਵਾਲਿਟੀ ਪ੍ਰੈੱਸ, 1963), 175. [3]ਵਿਦਵਾਨ ਇਸ ਦੌਰਾਨ ਕਹੇ ਗਏ ਦ੍ਰਿਸ਼ਟਾਂਤਾਂ ਦੀ ਸਹੀ ਸਹੀ ਗਿਣਤੀ ਤੇ ਇਕਮਤ ਨਹੀਂ ਹਨ: ਕਿਉਂਕਿ ਗਿਣਤੀ ਇਸ ਤੇ ਨਿਰਭਰ ਕਰਦੀ ਹੈ ਕਿ ਕੋਈ ਦ੍ਰਿਸ਼ਟਾਂਤ ਦਾ ਕੀ ਅਰਥ ਕੱਢਦਾ ਹੈ। ਗਿਣਤੀ ਦੀ ਅਹਿਮੀਅਤ ਨਹੀਂ ਹੈ। [4]ਆਇਤ 1 ਮੁਤਾਬਿਕ, ਯਿਸੂ ਫਰੀਸੀਆਂ ਦੇ *ਆਗੂਆਂ* ਵਿੱਚੋਂ ਕਿਸੇ ਦੇ ਘਰ ਖਾਣੇ ਲਈ ਗਿਆ। ''ਫਰੀਸੀ ਅਸੰਗਠਿਤ ਪਾਰਟੀ ਸਨ, ਇਸ ਲਈ ਉਨ੍ਹਾਂ ਦੇ ਹਾਕਮ [ਜਾਂ ਆਗੂਆਂ] ਦੇ ਅਹੁਦੇ ਤੋਂ ਨਹੀਂ ਬਲਕਿ ਪ੍ਰਭਾਵ ਤੋਂ ਹੁੰਦੇ ਸਨ'' (ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿੱਪ ਵਾਈ. ਪੈਂਡਲਟਨ, *ਦ ਫ਼ੋਰਫੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* [ਸਿਨਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914], 492)। [5]ਯਿਸੂ ਦੀ ਇਸ ਬੁਲਾਹਟ ਨੂੰ ਕਬੂਲ ਕਰਨ ਤੇ ਚਰਚਾ ਲਈ ਇਸ ਕਿਤਾਬ ਵਿਚ ''ਇਕ ਅਯਾਲੀ ਦੀ ਪਰਵਾਹ'' ਪਾਠ ਵੇਖੋ। [6]''ਜਲੋਧਰੀ'' ਲਈ ਅੰਗ੍ਰੇਜੀ ਸ਼ਬਦ ''dropsy'' ਯੂਨਾਨੀ ਭਾਸ਼ਾ ਤੋਂ ਨਿੱਕਲਿਆ ਹੈ (ਜਿਸ ਤੋਂ ਅੰਗ੍ਰੇਜ਼ੀ ਵਿਚ ਉਪਸਰਗ "hydro" (ਹਾਈਡਰੋ) ਮਿਲਿਆ ਹੈ)। [7]ਪਾਣੀ ਦਾ ਵਹਿਣਾ ਗੁਰਦਿਆਂ ਦੇ ਸਹੀ ਕੰਮ ਨਾ ਕਰਨ ਦਾ ਲੱਛਣ ਵੀ ਹੋ ਸਕਦਾ ਹੈ (ਚਾਰਲਸ ਬੀ. ਕਲੇਅਮੈਨ ਮੈਡੀਕਲ ਐਡੀ., *ਅਮੈਰੀਕਨ ਮੈਡੀਕਲ ਐਸੋਸੀਏਸ਼ਨ ਹੋਮ ਮੈਡੀਕਲ ਇੰਸਾਈਕਲੋਪੀਡੀਆ,* ਜਿਲਦ 1, [ਨਿਊ ਯਾਰਕ: ਰੈਂਡਮ ਹਾਊਸ, 1989], s.v. "dropsy")। [8]ਕੁਝ ਪੁਰਾਤਨ ਹੱਥਲਿਖਤਾਂ ਵਿਚ ''ਪੁੱਤਰ'' ਹੈ, ਅਤੇ ਕੁਝ ਵਿਚ ''ਖੋਤਾ।'' NASB ਵਿਚ ''ਪੁੱਤਰ'' ਦਿੱਤਾ ਗਿਆ ਹੈ। [9]ਲੂਕਾ 14:5 ਵਿਚ ਯੂਨਾਨੀ ਸ਼ਬਦ ਦਾ ਅਨੁਵਾਦ ''ਖੂਹ'' ਦਾ ਮਤਲਬ ''ਟੋਆ'' ਹੋ ਸਕਦਾ ਹੈ, ਪਰ ਵਧੇਰੇ ਪ੍ਰਚਲਤ ਅਰਥ ''ਖੂਹ'' ਹੀ ਹੈ। (ਯੂਹੰਨਾ 4:11, 12 ਵਿਚ ਇਹ ਸ਼ਬਦ ਯਾਕੂਬ ਦੇ ਖੂਹ ਲਈ ਵਰਤਿਆ ਗਿਆ ਹੈ।) [10]ਜਿੱਥੇ ਮੈਂ ਰਹਿੰਦਾ ਹਾਂ, ਉੱਥੇ ਅਸੀਂ ਕਹਿ ਸਕਦੇ ਹਾਂ, ''ਉਹ ਸਾਰੀਆਂ ਦਾਅਵਤਾਂ ਦੇ ਵੱਡੇ ਮੇਜ਼ ਤੇ ਹੀ ਬੈਠਣਾ ਚਾਹੁੰਦੇ ਹਨ।'' ਆਪਣੇ ਇਲਾਕੇ ਦੀ ਰਵਾਇਤ ਮੁਤਾਬਿਕ ਇਸ ਨੂੰ ਬਦਲ ਲਓ।

[11]ਆਪਣੇ ਦੋਸਤਾਂ ਨੂੰ ਆਪਣੇ ਘਰਾਂ ਵਿਚ ਨਿਮੰਤਰਣ ਦੇਣ ਵਿਚ ਕੋਈ ਬੁਰਿਆਈ ਨਹੀਂ ਹੈ। ਯਿਸੂ ਨੂੰ ਮਰਥਾ ਅਤੇ ਮਰੀਅਮ ਵਰਗੇ ਦੋਸਤਾਂ ਦੇ ਘਰ ਜਾਣਾ ਚੰਗਾ ਲਗਦਾ ਸੀ (ਲੂਕਾ 10:38)। ਇਸ ਦਾ ਮਤਲਬ ਇਹ ਹੈ ਕਿ ਸਾਡੀ ਮਹਿਮਾਨ ਨਵਾਜ਼ੀ ਸਿਰਫ਼ ਉਨ੍ਹਾਂ ਤਕ *ਸੀਮਿਤ* ਨਹੀਂ ਹੋਣੀ ਚਾਹੀਦੀ ਜੋ ਬਦਲੇ ਵਿਚ ਸਾਨੂੰ ਆਪਣੇ ਘਰ ਸੱਦ ਲੈਂਦੇ ਹਨ। [12]ਕੁਝ ਲੋਕ ''ਧਰਮੀਆਂ ਦੇ ਜੀ ਉੱਠਣ'' ਵਾਕ ਅੰਸ਼ ਨੂੰ ਇਹ ਸਿਖਾਉਣ ਲਈ ਵਰਤੇ ਹਨ ਕਿ ਦੋ ਜੀ ਉੱਠਣ ਹੋਣਗੇ: ਧਰਮੀਆਂ ਦਾ ਜੀ ਉੱਠਣਾ ਅਤੇ ਬਾਅਦ ਵਿਚ ਕਿਸੇ ਸਮੇਂ ਕੁਧਰਮੀਆਂ ਦਾ ਜੀ ਉੱਠਣਾ ਹੋਵੇਗਾ (ਯੂਹੰਨਾ 5:28, 29)। ਲੂਕਾ 14:14 ਵਿਚ ਯਿਸੂ ਦੱਸ ਰਿਹਾ ਸੀ ਕਿ ਜੀ ਉੱਠਣ ਵਿਚ *ਮੁਬਾਰਕ* ਸਿਰਫ਼ ਧਰਮੀ ਹੋਣਗੇ। [13]ਮਸੀਹਾ ਦੇ ਆਉਣ ਵਾਲੇ ਰਾਜ ਦੇ ਸਬੰਧ ਵਿਚ ਯਹੂਦੀਆਂ ਵਿਚ ਕਈ ਵਿਚਾਰ ਪਾਏ ਜਾਂਦੇ ਸਨ। [14]ਇਸ ਦ੍ਰਿਸ਼ਟਾਂਤ ਨੂੰ ''ਸੱਦੇ ਦਾ ਦ੍ਰਿਸ਼ਟਾਂਤ'' ਸਹਿਤ ਕਈ ਨਾਮ ਦਿੱਤੇ ਜਾਂਦੇ ਹਨ। [15]ਲੂਕਾ 14:23 ਵਿਚ ''ਮਜਬੂਰ'' ਸ਼ਬਦ ਜ਼ਬਰਦਸਤੀਂ ਨਹੀਂ ਬਲਕਿ ਸਮਝ ਕੇ ਹੈ। ਗ਼ਰੀਬ ਲੋਕ ਕਿਸੇ ਅਮੀਰ ਜਾਂ ਵੱਡੇ ਬੰਦੇ ਦੇ ਘਰ ਜਾਣ ਤੋਂ ਝਿਜਕਣਗੇ। [16]ਇਹ ਉਤੇਜਨਾ ਯਿਸੂ ਦੀ ਮੌਤ ਤੋਂ ਕੁਝ ਦਿਨ ਪਹਿਲਾਂ ਯਰੂਸ਼ਲਮ ਵਿਚ ਫ਼ਤਹਿਮੰਦ ਦਾਖ਼ਲੇ ਦੇ ਚਰਮ ਤੇ ਪਹੁੰਚ ਗਈ ਹੋਵੇਗੀ (ਮੱਤੀ 21:1–11)। [17]ਲੂਕਾ 14:26 ਦੀ ਤੁਲਨਾ ਮੱਤੀ 10:37 ਨਾਲ ਕਰੋ। ਲੂਕਾ 14:27 ਦੀ ਤੁਲਨਾ ਮੱਤੀ 10:38; ਲੂਕਾ

16:24; ਮਰਕੁਸ 8:34; ਲੂਕਾ 9:23 ਨਾਲ ਕਰੋ। [18]ਇਹ ਪਰਵਾਹ ਨਾ ਕਰੋ ਕਿ ਇਸ ਉਦਾਹਰਣ ਵਿਚ ''ਵੈਰੀ'' ਕੌਣ ਹੈ। ਦ੍ਰਿਸ਼ਟਾਂਤ/ਉਦਾਹਰਣ ਵਿਚ ਦਿੱਤੀ ਹਰ ਗੱਲ ਦਾ ''ਕੁਝ ਅਰਥ'' ਹੋਵੇ, ਜ਼ਰੂਰੀ ਨਹੀਂ ਹੈ। [19]ਲੂਕਾ 12:33 ਨਾਲ ਤੁਲਨਾ ਕਰੋ। ਲੂਕਾ 12:33 ਤੇ ਸੰਖੇਪ ਟਿੱਪਣੀ ਲਈ ''ਨਵੀਆਂ ਅਤੇ ਪੁਰਾਣੀਆਂ ਗੱਲਾਂ'' ਪਾਠ ਵੇਖੋ। ਜਾਇਦਾਦ ਨੂੰ ਛੱਡਣਾ ਆਪਣੇ ਨਾਲ ਪੂਰਾ ਸਮਾਂ ਚੱਲਣ ਦੀ ਇੱਛਾ ਰੱਖਣ ਵਾਲਿਆਂ ਲਈ ਯਿਸੂ ਦੀਆਂ ਚੁਣੌਤੀਆਂ ਵਿਚ ਸ਼ਾਮਿਲ ਹੁੰਦਾ ਸੀ। ਇਸ ਦੇ ਇਲਾਵਾ, ਮਸੀਹੀ ਲੋਕਾਂ ਤੇ ਬਾਅਦ ਵਿਚ ਆਏ ਸਤਾਅ ਦੀ ਰੌਸ਼ਨੀ ਵਿਚ (ਰਸੂਲਾਂ ਦੇ ਕੰਮ 8:1), ਉਹਦੇ ਮਗਰ ਆਉਣ ਵਾਲੇ ਲਈ ਆਪਣੀ ਜ਼ਾਇਦਾਦ ਛੱਡਣ ਲਈ ਤਿਆਰ ਹੋਣਾ ਜ਼ਰੂਰੀ ਸੀ। [20]ਕੁਝ ਲੋਕਾਂ ਨੂੰ ਦੁਨਿਆਵੀ ਗਤੀਵਿਧੀਆਂ ਵਿਚ ਆਪਣੇ ਯੋਗਦਾਨ ਨੂੰ ਸਹੀ ਠਹਿਰਾਉਣ ਲਈ ਲੂਕਾ 15:1, 2 ਦੀ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਯਿਸੂ ਦੇ *ਮਕਸਦ* ਤੇ ਵਿਚਾਰ ਕਰੋ। ਉਹ ਉਨ੍ਹਾਂ ਨਾਲ ਉਨ੍ਹਾਂ ਦੀਆਂ ਜਾਨਾਂ ਨੂੰ ਬਚਾਉਣ ਲਈ ਹੀ ਖਾਂਦਾ ਹੈ (ਲੂਕਾ 5:30–32)। ਯਿਸੂ ਦੇ *ਭਾਗ ਲੈਣ* ਦੀ ਹੱਦ ਤੇ ਵਿਚਾਰ ਕਰੋ: ਉਹ ਉਨ੍ਹਾਂ ਦੇ ਨਾਲ ਖਾਂਦਾ ਸੀ, ਪਰ ਉਨ੍ਹਾਂ ਦੇ ਪਾਪ ਭਰੇ ਕੰਮਾਂ ਵਿਚ ਉਨ੍ਹਾਂ ਨਾਲ ਭਾਈਵਾਲ ਨਹੀਂ ਹੁੰਦਾ ਸੀ।

[21]ਯਿਸੂ ਨੇ ਪਹਿਲਾਂ ਇਕ ਪ੍ਰਾਸੰਗਿਕਤਾ ਦੇ ਨਾਲ ਗੁਆਚੀ ਹੋਈ ਭੀੜ ਦੀ ਉਦਾਹਰਣ ਵਰਤੀ (ਮੱਤੀ 18:12–14)। [22]ਅਸਲ ਵਿਚ ਕੋਈ ਵੀ ਧਰਮੀ ਨਹੀਂ ਹੈ (ਰੋਮੀਆਂ 3:10) ਅਤੇ ਸਭ ਨੂੰ ਤੌਬਾ ਕਰਨ ਦੀ ਲੋੜ ਹੈ (ਰਸੂਲਾਂ ਦੇ ਕੰਮ 17:30), ਜਿਸ ਕਰਕੇ ਲੂਕਾ 15:7 ਦਾ ਆਖ਼ਰੀ ਭਾਗ ਹਾਸੋਹੀਣਾ ਲੱਗਦਾ ਹੈ ਕਿ ਫ਼ਰੀਸੀ ਆਪਣੇ ਆਪ ਨੂੰ ਧਰਮੀ *ਸਮਝਦੇ* ਸਨ, ਜਿਵੇਂ ਉਨ੍ਹਾਂ ਨੂੰ ਤੌਬਾ ਕਰਨ ਦੀ ਲੋੜ ਹੀ ਨਾ ਹੋਵੇ (ਵੇਖੋ ਲੂਕਾ 18:9)। [23]ਜੋ ਸਿੱਕਾ ਉਸ ਨੇ ਗੁਆਇਆ ਸੀ ਉਹ ਇਕ ਦ੍ਰਾਖਮਾ ਸੀ, ਜਿਸ ਦੀ ਕੀਮਤ ਇਕ ਦਿਨ ਦੀ ਮਜ਼ਦੂਰੀ ਦੇ ਬਰਾਬਰ, ਭਾਵ ਇਕ ਦੀਨਾਰ ਜਿੰਨੀ ਸੀ। [24]ਸਾਡੇ ਵਿੱਚੋਂ ਬਹੁਤਿਆਂ ਨੇ ''ਉਜਾੜੂ'' ਸ਼ਬਦ ਅਤੇ ਇਸ ਦੀ ਵਰਤੋਂ ਨੂੰ ਐਨੀ ਵਾਰ ਸੁਣਿਆ ਹੈ ਕਿ ਸਾਡੇ ਦਿਮਾਗ ਵਿਚ ਇਹ ''ਬੇਵਫ਼ਾ'' ਜਾਂ ''ਪਾਪੀ'' ਦਾ ਪ੍ਰਤੀਕ ਹੀ ਬਣ ਗਿਆ ਹੈ। ਇਸ ਸ਼ਬਦ ਦਾ ਮਤਲਬ ਅਸਲ ਵਿਚ ''ਖਰਚੀਲਾ ਜਾਂ ਫ਼ਜ਼ੂਲ ਖਰਚ'' ਹੈ। [25]ਜੌਨ ਫ੍ਰੈਂਕਲਿਨ ਕਾਰਟਰ *ਏ ਲੇਅਮੈਨ'ਜ਼ ਹਾਰਮਨੀ ਆਫ਼ ਦ ਗੌਸਪਲ* (ਨੈਸ਼ਵਿੱਲੇ: ਬ੍ਰੌਡਮੈਨ ਪ੍ਰੈੱਸ, 1961), 216. [26]ਦ੍ਰਿਸ਼ਟਾਂਤ ਦੇ ਇਸ ਭਾਗ ਤੇ ਨੋਟਸ ਲਈ ''ਬਾਕੀ ਦੀ ਕਹਾਣੀ'' ਪਾਠ ਵੇਖੋ। [27]NASB ਅਤੇ ਕਈ ਅਧੁਨਿਕ ਅਨੁਵਾਦਾਂ ਵਿਚ ''ਮੈਨੇਜਰ'' ਹੈ। ਦ ਕੰਟੈਂਪ੍ਰੇਰੀ ਇੰਗਲਿਸ਼ ਵਰਜ਼ਨ ਅਤੇ ਨਿਊ ਸੈਂਚੂਰੀ ਵਰਜ਼ਨ ਵਿਚ ''ਉਸ ਦੇ ਕਾਰੋਬਾਰ ਨੂੰ ਸੰਭਾਲਣ ਲਈ ਮੈਨੇਜਰ'' ਹੈ। ਇਸ ਦ੍ਰਿਸ਼ਟਾਂਤ ਲਈ ਹੋਰ ਨਾਮ ''ਬੇਈਮਾਨ ਮੁਖ਼ਤਿਆਰ ਦਾ ਦ੍ਰਿਸ਼ਟਾਂਤ,'' ''ਮੈਨੇਜਰ ਦਾ ਦ੍ਰਿਸ਼ਟਾਂਤ,'' ਅਤੇ ''ਨਮਕਹਰਾਮ ਮੁਖ਼ਤਿਆਰ ਦਾ ਦ੍ਰਿਸ਼ਟਾਂਤ'' ਹੈ (ਵੇਖੋ ਲੂਕਾ 16:8)। [28]ਸੁਝਾਅ ਦਿੱਤਾ ਗਿਆ ਹੈ ਕਿ ਯਿਸੂ ਨੇ ਇਸ ਉਦਾਹਰਣ ਦੀ ਵਰਤੋਂ ਇਸ ਲਈ ਕੀਤੀ ਕਿਉਂਕਿ ਮਹਿਸੂਲ ਲੈਣ ਵਾਲੇ ਅਤੇ ਪਾਪੀ ਜੋ ਉਸ ਦੀ ਸੁਣਦੇ ਸਨ, ਉਨ੍ਹਾਂ ਨੂੰ ਮਸੀਹ ਦੇ ਦ੍ਰਿਸ਼ਟਾਂਤ ਵਾਲੇ ਬਦਮਾਸ਼ ਮੰਨਿਆ ਜਾ ਸਕਦਾ ਸੀ। [29]ਜੋ ਕੰਮ ਇਸ ਆਦਮੀ ਨੇ ਕੀਤਾ ਆਮ ਤੌਰ ਤੇ ਉਹ ਗੁਲਾਮਾਂ ਰਾਹੀਂ ਕੀਤਾ ਜਾਂਦਾ ਸੀ, ਪਰ ਇਹ ਤੱਥ ਕਿ ਇਸ ਮੁਖ਼ਤਿਆਰ ਨੂੰ *ਕੱਢ ਦਿੱਤਾ ਗਿਆ* ਇਸ ਗੱਲ ਦਾ ਸੰਕੇਤ ਹੈ ਕਿ ਉਹ ਗੁਲਾਮ ਨਹੀਂ, ਬਲਕਿ ਅਜ਼ਾਦ ਸੀ। [30]KJV ਵਿਚ ਆਖਿਆ ਗਿਆ ਹੈ ਕਿ ਇਸ ਬੇਈਮਾਨ ਮੁਖ਼ਤਿਆਰ ਨੇ ''ਸਿਆਣਪ ਨਾਲ ਕੰਮ ਕੀਤਾ'' ਹੈ। ਇਹ ਬਿਲਕੁਲ ਸਹੀ ਅਨੁਵਾਦ ਹੈ, ਪਰ ਇਹ ਸਮਝ ਲਓ ਕਿ ਇਸ ਆਦਮੀ ਦੀ ''ਸਿਆਣਪ'' *ਇਸ ਸੰਸਾਰ ਦੀ* ਬੁੱਧ ਸੀ (ਵੇਖੋ 1 ਕੁਰਿੰਥੀਆਂ 1:20; ਯਾਕੂਬ 3:15)। ''ਹੁਸ਼ਿਆਰੀ'' ਤੋਂ ਸਾਫ਼ ਹੋ ਜਾਂਦਾ ਹੈ ਕਿ ਅਮੀਰ ਆਦਮੀ ਦੀਆਂ ਗੱਲਾਂ ਦੁਨਿਆਵੀ ਸੋਚ ਵਾਲੇ ਆਦਮੀ ਦੇ ਕਿਸੇ ਚਲਾਕ ਬਦਮਾਸ਼ ਦੇ ਸੋਹਲੇ ਗਾਉਣ ਵਾਂਗ ਸੀ।

[31]ਧਨ ਆਪਣੇ ਆਪ ਵਿਚ ਬੁਰਾ ਜਾਂ ਚੰਗਾ ਨਹੀ ਹੈ। ਲੂਕਾ 16:9 ਵਿਚ ਇਸ ਨੂੰ ''ਕੁਧਰਮ ਦਾ ਧਨ'' ਆਖਿਆ ਗਿਆ ਹੈ, ਕਿਉਂਕਿ ਇਸ ਦੀ ਇੱਛਾ ਕਰਨ ਨਾਲ ਬਹੁਤ ਸਾਰੇ ਲੋਕ ਬੇਈਮਾਨ ਹੋਏ ਸਨ (1 ਤਿਮੋਥਿਉਸ 6:10)। [32]ਇਸ ਕਿਤਾਬ ਵਿਚ ''ਨਵੀਆਂ ਅਤੇ ਪੁਰਾਣੀਆਂ ਗੱਲਾਂ'' ਪਾਠ ਵਿਚ ਲੂਕਾ 12:33 ਤੇ ਟਿੱਪਣੀਆਂ ਵੇਖੋ। [33]ਅਮਰੀਕਾ ਵਿਚ ਅਸੀਂ ਕਹਿ ਸਕਦੇ ਹਾਂ ਕਿ ਉਹ ਉਸ ਨੂੰ ਤੰਗ ਕਰਨ ਲਗ

ਪਏ। ਲੂਕਾ 23:35 ਨਾਲ ਤੁਲਨਾ ਕਰੋ। [34]ਹੋਰ ਥਾਵਾਂ ਤੇ ਫ਼ਰੀਸੀਆਂ ਬਾਰੇ ਬਾਈਬਲ ਦੀ ਸਿੱਖਿਆ ਨਾਲ ਸਬੰਧਿਤ ਲੂਕਾ 16:15–18 ਵਿਚ ਮਸੀਹ ਦੇ ਸ਼ਬਦਾਂ ਦਾ ਸਾਰ ਦਿੱਤਾ ਗਿਆ ਹੈ। [35]ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਮਲਾਕੀ ਦੇ ਬਾਅਦ ਨਾਲ ਚਾਰ ਸੌ ਸਾਲ ਦੀ ''ਨਬੂਵਤ ਦੀ ਖਾਮੋਸ਼ੀ'' ਤੋੜੀ। ਯੂਹੰਨਾ ਤੋਂ ਸ਼ੁਰੂ ਕਰਕੇ ਖ਼ੁਸ਼ਖ਼ਬਰੀ (''ਇੰਜੀਲ'') ਦਾ ਪ੍ਰਚਾਰ ਕੀਤਾ ਗਿਆ ਸੀ ਕਿ ''ਰਾਜ ਨੇੜੇ ਆਇਆ ਹੈ।'' ਪਰ ਰਾਜ ਵਿਚ ਖ਼ੁਦਾ ਦੇ ਤਰੀਕੇ ਨੂੰ ਮੰਨਣ (ਯਿਸੂ ਉੱਤੇ ਨਿਹਚਾ ਕਰਕੇ ਉਸ ਦੇ ਮਗਰ ਚੱਲਣ) ਦੀ ਥਾਂ, ਫ਼ਰੀਸੀ ਆਪਣੇ ਹੀ ਕਾਇਦੇ ਅਤੇ ਕਾਨੂੰਨ ਲਾਗੂ ਕਰਕੇ ਆਪਣੇ ਤਰੀਕੇ ''ਮੜ੍ਹਣ'' ਦੀ ਕੋਸ਼ਿਸ਼ ਕਰ ਰਹੇ ਸਨ। ਇਹ ਢੰਗ ਨਾ ਤਾਂ ਉਦੋਂ ਕੰਮ ਆਇਆ ਸੀ ਅਤੇ ਨਾ ਹੁਣ ਆਵੇਗਾ। [36]ਲੂਕਾ 16:17 ਦੀ ਤੁਲਨਾ ਮੱਤੀ 5:18 ਅਤੇ ਲੂਕਾ 16:18 ਦੀ ਤੁਲਨਾ ਮੱਤੀ 5:31, 32 ਨਾਲ ਕਰੋ। ਜਿਵੇਂ ਫਰੀਸੀਆਂ ਨੇ *ਮਾਤਾ ਪਿਤਾ ਦੀ ਦੇਖਭਾਲ* ਬਾਰੇ ਖ਼ੁਦਾ ਦੇ ਨੇਮਾਂ ਨੂੰ ਇਕ ਪਾਸੇ ਕਰਕੇ ਆਪਣੀਆਂ ਰੀਤਾਂ ਚੱਲਾ ਦਿੱਤੀਆਂ ਸਨ (ਮੱਤੀ 15:1–9)।ਉਵੇਂ ਹੀ ਉਨ੍ਹਾਂ ਨੇ ਵਿਆਹ ਬਾਰੇ ਖ਼ੁਦਾ ਦੇ ਨਿਅਮਾਂ ਨੂੰ ਪਿੱਛੇ ਕਰ ਕੇ ਆਪਣੇ ਨਿਅਮ ਬਣਾ ਲਏ ਸਨ। ਵਿਆਹ ਅਤੇ ਤਲਾਕ ਦੇ ਵਿਸ਼ੇ ਤੇ ਅਸੀਂ ਹੋਰ ਸੰਖੇਪ ਵਿਚ ਮੱਤੀ 19:1–9 ਦਾ ਅਧਿਐਨ ਕਰਨ ਵੇਲੇ ਚਰਚਾ ਕਰਾਂਗੇ। [37]ਇਸ ਅਮੀਰ ਨੂੰ ''Dives'' ਹੀ ਆਖਿਆ ਜਾਂਦਾ ਹੈ, ਇਹ ਉਸ ਦਾ ਨਾਮ ਨਹੀਂ ਸੀ। ''ਡਾਈਵਸ'' ''ਅਮੀਰ'' ਲਈ ਲਾਤੀਨੀ ਭਾਸ਼ਾ ਦਾ ਸ਼ਬਦ ਹੈ। ਦ੍ਰਿਸ਼ਟਾਂਤ ਵਿਚ ਲਾਜ਼ਰ ਦਾ ਨਾਮ ਤਾਂ ਦਿੱਤਾ ਗਿਆ ਹੈ ਪਰ ਅਮੀਰ ਆਦਮੀ ਦਾ ਨਹੀਂ। [38]ਇਸ ''ਦ੍ਰਿਸ਼ਟਾਂਤ'' ਤੇ ਵਿਸਤਾਰ ਵਿਚ ਚਰਚਾ ਲਈ ਕਿਤਾਬ ਵਿਚ ਅੱਗੇ ''ਨਰਕ 'ਚੋਂ ਇਕ ਚਿੱਠੀ'' ਵੇਖੋ। [39]ਇਸ ਵਿਚ ਉਹ ਲੋਕ ਵੀ ਹਨ, ਜੋ ਇਹ ਨਹੀਂ ਮੰਨਦੇ ਕਿ ਮੁਰਦੇ ਹੋਸ਼ ਵਿਚ ਹਨ ਅਤੇ ਜੋ ਮੌਤ ਦੇ ਬਾਅਦ ਸਜ਼ਾ ਵਿਚ ਯਕੀਨ ਨਹੀਂ ਰੱਖਦੇ। [40]ਮੈੱਕਗਰਵੇ ਐਂਡ ਪੈਂਡਲਟਨ, 514.

[41]ਕਾਰਟਰ, 221. [42]ਜੇ ਇਸ ਸਮੱਗਰੀ ਦੀ ਵਰਤੋਂ ਜਮਾਤ ਲਈ ਕੀਤੀ ਜਾਂਦੀ ਹੈ, ਤਾਂ ਤੁਹਾਨੂੰ ਚਾਹੀਦਾ ਹੈ ਕਿ ਇਹ ਚਰਚਾ ਕਰਵਾਉ ਕਿ ਉਨ੍ਹਾਂ ਪਾਪੀਆਂ ਨਾਲ ਜਿਨ੍ਹਾਂ ਨੂੰ ਤੁਸੀਂ ਅਤੇ ਤੁਹਾਡੇ ਵਿਦਿਆਰਥੀ ਦੋਸਤ ਬਣਾ ਸਕਦੇ ਹੋ, ਕਿਵੇਂ ਸੰਪਰਕ ਕੀਤਾ ਜਾਵੇ। ਉਸ ਨੂੰ ਜਿਸਦਾ ਸਕੂਲ ਜਾਣ ਦੀ ਉਮਰ ਵਾਲਾ ਬੱਚਾ ਹੈ, ਸੁਝਾਅ ਹੈ ਕਿ ਉਹ ਕਿਸੇ ਬੱਚੇ ਦੇ ਮਾਪਿਆਂ ਨਾਲ ਮੇਲ ਜੋਲ ਵਧਾਵੇ ਜੋ ਉਨ੍ਹਾਂ ਦੇ ਬੱਚਿਆਂ ਨਾਲ ਸਕੂਲ ਜਾਂਦੇ ਹੋਣ। [43]ਜੁਡਸੋਨੀਆ ਚਰਚ ਆਫ਼ ਕ੍ਰਾਈਸਟ, ਜੁਡਸੋਨੀਆ: ਅਰਕੈਂਸਾ ਵਿਚ 26 ਅਕਤੂਬਰ 1999 ਨੂੰ ਦਿੱਤਾ ਗਿਆ ਸੰਦੇਸ਼। [44]ਬ੍ਰਾਊਨ ਟ੍ਰੇਲ ਚਰਚ ਆਫ਼ ਕ੍ਰਾਈਸਟ, ਬੈੱਡਫ਼ੋਰਡ, ਟੈਕਸਸ ਵਿਚ ਸਤੰਬਰ 1985 ਨੂੰ ਦਿੱਤਾ ਗਿਆ ਸੰਦੇਸ਼।